ਮੁਖਵਾਕ ਨੰਬਰ ੫੨ [ਆਦਿ ਅੰਗ ੬੦੯]

***ਸੋਰਠਿ ਮਹਲਾ ੫ ॥ ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥ ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥ ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥ ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥ ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥***

## ***ਸੋਰਠਿ ਮਹਲਾ ੫***
## ***ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥***

ਅਕਾਲ ਪੁਰਖ ਅੰਤਰਜਾਮੀ ਦੇ ਸਰੂਪ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਅੰਮ੍ਰਿਤ ਬਚਨ ਦੁਆਰਾ ਸੋਰਠਿ ਰਾਗਣੀ ਵਿੱਚ ਉਪਦੇਸ਼ ਬਖ਼ਸ਼ਦੇ ਹਨ ਕਿ ਜੋ ਵਡਭਾਗੀ ਪੁਰਸ਼ ਹਨ ਉਹਨਾਂ ਨੂੰ ਵੱਡੇ ਭਾਗਾਂ ਕਰਕੇ ਪੂਰੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਅਧਿਆਤਮਕ ਰਮਾਇਣ ਵਿੱਚ ਤਿੰਨ ਪ੍ਰਕਾਰ ਦੇ ਗੁਰੂ ਲਿਖੇ ਹਨ : ੧. ਪੰਡਿਤ ਗੁਰੂ। ੨. ਅਵਧੂਤ ਗੁਰੂ ੩. ਬ੍ਰਹਮ ਸ੍ਰੋਤਰੀ ਬ੍ਰਹਮ ਨੇਸ਼ਟੀ ਗੁਰੂ। **੧. ਪੰਡਿਤ ਗੁਰੂ—**ਜੋ ਖਟ ਸ਼ਾਸਤ੍ਰ ਆਦਿਕ ਵਿਦਿਆ ਵਿੱਚ ਨਿਪੁੰਨ ਹੋਣ ਪਰ ਕਮਾਈ ਨ ਕੀਤੀ ਹੋਵੇ। ਉਹ ਪੰਡਿਤ ਗੁਰੂ ਤਾਂ ਇਸ ਤਰ੍ਹਾਂ ਹੈ ਜਿਵੇਂ ਦਰਿਆ ਦੇ ਕੰਢੇ ਤੇ ਬੈਠਾ ਕੋਈ ਲੋਕਾਂ ਨੂੰ ਦੱਸੀ ਜਾਵੇ ਕਿ ਇਹ ਦਰਿਆ ਇਤਨਾ ਡੂੰਘਾ ਹੈ ਪਰ ਆਪ ਕਦੀ ਵੀ ਦਰਿਆ ਵਿੱਚ ਦਾਖਲ ਨਾ ਹੋਇਆ ਹੋਵੇ। ਪੰਡਿਤ ਗੁਰੂ ਅਨਤਾਰੂ ਪੁਰਸ਼ ਦੇ ਸਦਰਸ਼ ਹੈ, ਆਪ ਵਿਸ਼ੇ ਰਸ ਤੋਂ ਫਤੇ ਨਹੀਂ ਪਾਈ, ਕਮਾਈ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘੇ ਅਤੇ ਹੋਰਨਾਂ ਨੂੰ ਬੇਦਾਂ ਸ਼ਾਸ਼ਤਰਾਂ ਦੁਆਰਾ ਰਸਤਾ ਦੱਸੀ ਜਾਂਦੇ ਹਨ, ਹਰ ਤਰ੍ਹਾਂ ਕਰਕੇ ਸ਼ੰਕਾ ਵੀ ਨਵਿਰਤ ਕਰ ਦਿੰਦੇ ਹਨ। ਉਹਨਾਂ ਦੀ ਸਿਖਿਆ ਲੈ ਕੇ ਕਮਾਈ ਕਰੇ ਤਾਂ ਤਰ ਸਕਦਾ ਹੈ ਵਰਨਾ ਨਹੀਂ। ੨. ਅਵਧੂਤ ਗੁਰੂ—ਅਵਧੂਤ ਗੁਰੂ ਕਮਾਈ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਹੋਏ ਹੁੰਦੇ ਹਨ ਪਰ ਅਨਪੜ ਹੋਣ ਕਰਕੇ ਅਧਿਕਾਰੀਆਂ ਦੀ ਸ਼ੰਕਾ ਨਵਿਰਤ ਨਹੀਂ ਕਰ ਸਕਦੇ ਉਪਦੇਸ਼ ਦੇ ਸਕਦੇ ਹਨ ਜੇ ਕੋਈ ਉਤਮ ਪੁਰਸ਼ ਉਤਮ ਅਧਿਕਾਰੀ ਸ਼ੰਕੇ ਤੋਂ ਰਹਿਤ ਹੋ ਕੇ ਉਹਨਾਂ ਦੇ ਉਪਦੇਸ਼ ਨੂੰ ਨਿਸਚੇ ਕਰਕੇ ਕਮਾ ਲਵੇ ਤਾਂ ਪਾਰ ਹੋ ਸਕਦਾ ਹੈ। ਅਵਧੂਤ ਗੁਰੂ ਐਸੇ ਹਨ ਜਿਵੇਂ ਸੋਟੀ ਆਪ ਤਾਂ ਪਾਣੀ ਤੇ ਤਰਦੀ ਹੈ ਅਤੇ ਹੋਰ ਭਾਰ ਨੂੰ ਲੈ ਕੇ ਨਹੀਂ ਤਰ ਸਕਦੀ ਪਰ ਜੇ ਕਿੱਲ ਆਦਿਕ ਸੋਟੀ ਵਿੱਚ ਲੱਗਾ ਹੋਵੇ ਤਾਂ ਤਰ ਜਾਂਦਾ ਹੈ ਇਸ ਤਰ੍ਹਾਂ ਉਹ ਆਪ ਤਾਂ ਤਰਦੇ ਹਨ, ਜੇ ਕਿਲ ਦੀ ਤਰ੍ਹਾਂ ਸ਼ੰਕਾ ਰਹਿਤ ਹੋ ਕੇ ਉਨ੍ਹਾਂ ਦੀ ਆਗਿਆ ਮੰਨਣ ਰੂਪ ਖੁਭ ਜਾਵੇ ਤਾਂ ਉਹ ਵੀ ਤਰ ਜਾਂਦਾ ਹੈ ਇਸ ਤਰ੍ਹਾਂ ਕੋਈ ਮੁਕਤ ਹੋ ਸਕਦਾ ਹੈ। **੩. ਬ੍ਰਹਮ ਸ੍ਰੋਤਰੀ ਬ੍ਰਹਮ ਨੇਸ਼ਟੀ ਗੁਰੂ—**ਜੋ ਹਰ ਤਰ੍ਹਾਂ ਕਰਕੇ ਕਿਸੇ ਦੀ ਸ਼ੰਕਾ ਨਵਿਰਤ ਕਰ ਸਕਦਾ ਹੈ ਵਾ ਜੋ ਅਧਿਕਾਰੀਆਂ ਦੀ ਹਰ ਤਰ੍ਹਾਂ ਦੀ ਸ਼ੰਕਾ ਨਵਿਰਤ ਕਰ ਦੇਵੇ ਅਤੇ ਆਪ ਕਮਾਈ ਕਰਕੇ ਮੁਕਤ ਰੂਪ ਹੋਵੇ, ਬ੍ਰਹਮ ਦਾ ਸ੍ਰਵਣ ਆਪ ਕਰਦਾ ਹੋਵੇ ਅਤੇ ਬ੍ਰਹਮ ਤੇ ਨਿਸਚਾ ਹੋਵੇ, ਇਹ ਭੀ ਸੰਸਾਰ ਵਿੱਚ ਜੀਵ ਕੋਟੀ ਵਿਚੋਂ ਗੁਰੂ ਹੈ ਅਤੇ ਅਧਿਕਾਰੀਆਂ ਪ੍ਰਤੀ ਭੇਦ ਦੀਆਂ ਬਾਧਕ ਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ ਸ੍ਰਵਣ ਕਰਾ ਸਕਦਾ ਹੋਵੇ, ਐਸੇ ਲਖਣਾਂ ਵਾਲਾ ਬ੍ਰਹਮ ਸ੍ਰੋਤਰੀ ਬ੍ਰਹਮ ਨੇਸ਼ਟੀ ਗੁਰੂ ਹੁੰਦਾ ਹੈ। ਪਰ ਸਤਿਗੁਰੂ ਜੀ ਇਹਨਾਂ ਤੋਂ ਪੂਰਨ ਗਿਆਨਵਾਨ ਗੁਰੂ ਸਰੂਪ ਹਨ।

ਯਥਾ— **ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥** [ਸੂਹੀ ਮਹਲਾ ੫, ਅੰਗ ੭੫੦]

PDF created with pdfFactory Pro trial version www.pdffactory.com

ਜਿਨ੍ਹਾਂ ਸਤਿਗੁਰਾਂ ਨੇ ਲੱਖੂ ਜੈਸੇ ਧਾੜਵੀਆਂ ਨੂੰ ਚੋਰੀ ਤੋਂ ਹਟਾ ਕੇ ਤਤਬੇਤੇ ਬਣਾ ਦਿੱਤਾ ਸਤਿਗੁਰ ਕੈਸੇ ਹਨ।

ਯਥਾ— **ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥** [ਸਵਈਏ ਮਹਲਾ ੫, ਅੰਗ ੧੪੦੮]

ਆਪ ਹੀ ਅਕਾਲ ਪੁਰਖ ਜੋਤੀ ਨੇ ਗੁਰੂ ਸਰੂਪ ਧਾਰਿਆ ਹੈ, ਸੰਸਾਰ ਵਿੱਚ ਜੀਵ ਕੋਟੀ ਦੇ ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ ਗੁਰੂਆਂ ਨੂੰ ਰਚਣ ਵਾਲੇ ਹਨ। ਜਿਵੇ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਦਿੱਤੀਆਂ ਸਨ। ਅਧਿਕਾਰੀਆਂ ਨੂੰ ਆਪ ਪ੍ਰਮਾਤਮਾ ਵਿੱਚ ਲੀਨ ਕਰਦੇ ਹਨ। ਐਸੇ ਪੂਰਨ ਗੁਰੂ ਸਮਰੱਥ ਹਨ। ਜਿਵੇਂ ਰਮਾਇਣ ਵਿੱਚ ਭਗਵਾਨ ਰਾਮ ਜੀ ਨੇ ਲਛਮਣ ਨੂੰ ਜੋ ਉਪਦੇਸ਼ ਦਿੱਤਾ ਹੈ, ਉਸ ਵਿੱਚ ਵੀ ਤਿੰਨ ਪ੍ਰਕਾਰ ਦੇ ਗੁਰੂ ਕਥਨ ਕੀਤੇ ਹਨ :— ੧. ਪਿੰਗੁਲਾ ਗੁਰੂ ੨. ਅੰਧੁਲਾ ਗੁਰੂ ੩. ਪੂਰਨ ਗੁਰੂ :—

**੧. ਪਿੰਗੁਲਾ ਗੁਰੂ :—**ਜਿਸ ਦੇ ਸਾਧਨਾ ਕਰਨ ਰੂਪ ਪੈਰ ਨਹੀਂ, ਉਕਤੀਆਂ ਜੁਗਤੀਆਂ ਰੂਪ ਬਾਹਾਂ ਨਾਲ ਤਾਰੀਆਂ ਮਾਰਦਾ ਹੈ ਪਰ ਤਰ ਨਹੀਂ ਸਕਦਾ, ਨਾ ਹੀ ਹੋਰਨਾਂ ਨੂੰ ਤਾਰ ਸਕਦਾ ਹੈ, ਅਧਿਕਾਰੀਆਂ ਨੂੰ ਜੁਗਤੀਆਂ ਨਾਲ ਉਪਦੇਸ਼ ਤਾਂ ਦਿੰਦਾ ਹੈ ਪਰ ਆਪ ਕਮਾਈ ਦੇ ਸਾਧਨਾਂ ਤੋਂ ਪਿੰਗਲਾਂ ਹੋਣ ਕਰਕੇ ਉਸ ਦਾ ਉਪਦੇਸ਼ ਅਧਿਕਾਰੀ ਨੂੰ ਕਾਟ ਨਹੀਂ ਕਰਦਾ। ੨. ਅੰਧੁਲਾ ਗੁਰੂ :—ਅੰਧੁਲਾ ਗੁਰੂ ਆਪ ਤਾਂ ਸਾਧਨਾਂ ਵਿੱਚ ਪੂਰਾ ਹੁੰਦਾ ਹੈ ਪਰ ਗਿਆਨਵਾਨ ਨਹੀਂ, ਕਠਿਨ ਤਪੱਸਵੀ ਹੋਣ ਕਰਕੇ, ਸਾਧਨਾ ਕਰਨ ਦੇ ਅਧਿਕਾਰੀ ਪ੍ਰਤੀ ਰਸਤਾ ਤਾਂ ਦੱਸ ਦਿੰਦਾ ਹੈ, ਕਿ ਇਸ ਤਰ੍ਹਾਂ ਪ੍ਰਾਪਤ ਹੋਵੇਗਾ, ਪਰ ਆਪ ਮੁਕਤੀ ਰੂਪ ਪਰਲੇ ਕਿਨਾਰੇ ਨੂੰ ਦੇਖਣ ਵਲੋਂ ਅੰਨ੍ਹਾਂ ਹੁੰਦਾ ਹੈ। **੩. ਪੂਰਨ ਗੁਰੂ :—** ਪੂਰਨ ਗੁਰੂ ਉਹ ਹੁੰਦਾ ਹੈ ਜਿਸਨੇ ਸਾਧਨਾਂ ਦੀ ਕਮਾਈ ਕੀਤੀ ਹੋਵੇ, ਪੂਰਨ ਗਿਆਨ ਹੋਵੇ ਉਕਤੀਆਂ ਯੁਕਤੀਆਂ ਦੁਆਰਾ ਉਪਦੇਸ਼ ਦੇ ਕਰਕੇ ਅਧਿਕਾਰੀ ਦੀ ਸ਼ੰਕਾ ਨਵਿਰਤ ਕਰਨ ਵਾਲਾ ਹੋਵੇ ਪੂਰਨ ਗੁਰੂ ਤਾਂ ਸਤਿਗੁਰੂ ਨਾਨਕ ਦੇਵ ਜੀ ਹਨ।

ਯਥਾ— **੧. ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥**
**ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ ॥** [ਡਖਣੇ ਮਹਲਾ ੫, ਅੰਗ ੧੧੦੧]

**੨. ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥**
[ਸਿਰੀਰਾਗ ਕੀ ਵਾਰ ਮਹਲਾ ੧, ਅੰਗ ੮੩]

ਸਾਦਿਕਾ=ਸਿਖਾਂ ਨੂੰ ਗੁਰੂ ਤੇ ਸਿਦਕੁ=ਭਰੋਸਾ, ਤੇ ਸਬੂਰੀ=ਸੰਤੋਖ ਚਾਹੀਦਾ ਹੈ, ਮਲਾਇਕਾ=ਦੇਣ=ਦਾਤੇ ਸਰੂਪ ਗੁਰੂ ਨੂੰ ਭੀ ਭੇਟਾ ਲੈਣ ਵਲੋਂ ਸਬਰ=ਸੰਤੋਖ ਦਾ ਤੋਸਾ ਗ੍ਰਹਿਣ ਕਰਨਾ ਚਾਹੀਦਾ ਹੈ, ਲੋਭੀ, ਲਾਲਚੀ ਪਖੰਡੀ ਗੁਰੂ ਨਾ ਹੋਵੇ।

ਯਥਾ— **ਜੋ ਕਿਛ ਮਾਲ ਤਬਾਲ ਸੋ ਅਬ ਹੀ ਉਠ ਭੇਟ ਹਮਾਰੀ ਹੀ ਕੀਜੈ ॥**
**ਮੋਰੋ ਹੀ ਧਿਆਨ ਧਰੋ ਨਿਸ ਬਾਸੁਰ, ਭੂਲ ਕੇ ਅਉਰ ਕੋ ਨਾਮ ਨ ਲੀਜੈ ॥**

ਹੰਕਾਰੀ ਨਾ ਹੋਵੇ। ਕਾਨ੍ਹੇ ਭਗਤ ਵਾਂਗ :—ਮੈਂ ਓਹੀ ਰੇ ਮੈ ਓਹੀ ਰੇ॥

**ਸਾਖੀ—**ਇਕ ਮਹਾਤਮਾ ਪਾਸ ਇਕ ਜਗਿਆਸੂ ਗਿਆ ਤੇ ਬੇਨਤੀ ਕੀਤੀ ਕਿ ਕਿਸ ਚੀਜ਼ ਦਾ ਧਿਆਨ ਕਰਨਾ ਚਾਹੀਦਾ ਹੈ ਤਾਂ ਸੰਤਾਂ ਨੇ ਕਿਹਾ ਕਿ ਭਾਈ ਚਾਹੇ ਗੁਰੂ ਨਾਨਕ ਦੇਵ ਜੀ ਦਾ ਜਾਂ ਸਾਡੀ ਫੋਟੋ ਦਾ ਧਿਆਨ ਕਰ ਲੈ ਤਾਂ ਜਗਿਆਸੂ ਨੇ ਕਿਹਾ ਤੁਹਾਡਾ ਪਹਿਲਾ ਹੀ ਬਚਨ ਮੰਨਣ ਯੋਗ ਹੈ, ਮੈਂ ਗੁਰੂ ਨਾਨਕ ਦੇਵ ਜੀ ਦਾ ਧਿਆਨ ਕਰਾਂਗਾ ਤਾਂ ਮਹਾਤਮਾ ਨੇ ਕਿਹਾ ਕਿ ਸਾਡੇ ਅਤੇ ਗੁਰੂ ਨਾਨਕ ਦੇਵ ਜੀ ਵਿੱਚ ਕੀ ਫ਼ਰਕ ਹੈ। ਤੈਨੂੰ ਮੁਕਤੀ ਦੀ ਲੋੜ ਹੈ ਤਾਂ ਸਾਡੀ ਫੋਟੋ ਦੇ ਧਿਆਨ ਨਾਲ ਹੀ ਹੋ ਜਾਵੇਗੀ ਪਰ ਉਹ ਗੁਰੂ ਦਾ ਸਿੱਖ ਸੀ ਮਹਾਤਮਾ ਦੀ ਇਹ ਗੱਲ ਸੁਣਦੇ ਸਾਰ ਹੀ ਉਹ ਜਗਿਆਸੂ ਵਾਪਸ ਮੁੜ ਗਿਆ। ਬਾਈ ਗੁਰੂਆਂ ਸਮੇਤ ਧੀਰਮਲ ਵੀ ਗੁਰੂ ਬਣਿਆ ਸੀ।

ਸੁੰਦਰ ਦਾਸ ਨੇ ਆਪਣੇ ਗਿਆਨ ਸਮੁੰਦਰੀਕ ਗ੍ਰੰਥ ਵਿੱਚ ਅੱਠ ਪ੍ਰਕਾਰ ਦੇ ਗੁਰੂ ਲਿਖੇ ਹਨ :—

PDF created with pdfFactory Pro trial version www.pdffactory.com

੧. **ਬਿੜਾਲ ਗੁਰੂ—**ਬਿੜਾਲ-ਬਿੱਲਾ ਗੁਰੂ ਉਹ ਹੈ ਜੋ ਤਾੜ=ਘੂਰ-ਘੂਰ ਕੇ ਉਪਦੇਸ਼ ਦੇਵੇ।

੨. **ਗਿੱਦੜ ਗੁਰੂ—**ਜਿਹੜਾ ਪਖੰਡੀ ਗੁਰੂ ਬਣਕੇ ਧੋਖੇਬਾਜ਼ੀ ਕਰੇ।

੩. **ਘੋੜਾ ਗੁਰੂ—**ਜੋ ਆਪਣੀ ਸ਼ਕਤੀ ਨਾਲ ਜਗਿਆਸੂ ਦੀਆਂ ਅੱਖਾਂ ਬੰਦ ਕਰਾਕੇ ਸਾਰੇ ਦੇਸ਼ਾਂ ਦੀ ਸੈਰ ਕਰਵਾ ਲਿਆਵੇ ਉਹ ਘੋੜਾ ਗੁਰੂ ਹੈ ਜਿਵੇਂ ਘੋੜਾ, ਅਸਵਾਰ ਨੂੰ ਚੜ੍ਹਾ ਕੇ ਸੈਰ ਕਰਾਉਂਦਾ ਹੈ ਇਸ ਤਰ੍ਹਾਂ ਦਾ ਘੋੜਾ ਗੁਰੂ ਹੈ।

੪. **ਸ਼ੇਰ ਗੁਰੂ—**ਜਿਹੜਾ ਆਪਣੇ ਚੇਲੇ ਦਾ ਸਭ ਮਾਲ ਧਨ ਭਖ ਕਰ ਜਾਵੇ ਭਾਵ ਖਾ ਜਾਵੇ ਉਹ ਸ਼ੇਰ ਗੁਰੂ ਹੈ।

੫. **ਭ੍ਰਿੰਗੀ ਗੁਰੂ—**ਜਿਵੇਂ ਭ੍ਰਿੰਗੀ ਇਕ ਖਾਸ ਜਾਤੀ ਦੀ ਸੁੰਡੀ ਨੂੰ ਆਪਣੇ ਘਰ ਵਿੱਚ ਬੰਦ ਕਰ ਦਿੰਦਾ ਹੈ ਤੇ ਫਿਰ ਸੰਗੀਤ ਸੁਣਾ ਕੇ ਉਸਨੂੰ ਆਪਣਾ ਹੀ ਰੂਪ ਬਣਾ ਲੈਂਦਾ ਹੈ। ਇਸ ਤਰ੍ਹਾਂ ਕਿਸੇ ਖਾਸ ਉਤਮ ਅਧਿਕਾਰੀ ਨੂੰ ਉਪਦੇਸ਼ ਕਰਕੇ ਗਿਆਨ ਦੁਆਰਾ ਆਪਣਾ ਰੂਪ ਬਣਾ ਲੈਂਦੇ ਹਨ।

੬. **ਪਾਰਸ ਗੁਰੂ—**ਪਾਰਸ ਭਾਵੇਂ ਅੱਠਾਂ ਧਾਤਾਂ ਵਿੱਚੋਂ ਕਿਸੇ ਵੀ ਧਾਤ ਨੂੰ ਛੋਹ ਜਾਵੇ ਤਾਂ ਉਹਨਾਂ ਨੂੰ ਸੋਨਾ ਬਣਾ ਦਿੰਦਾ ਹੈ ਪਰ ਆਪਣਾ, ਸੋਨਾ ਬਣਾਉਣ ਦਾ ਗੁਣ ਕਿਸੇ ਨੂੰ ਨਹੀਂ ਦਿੰਦਾ। ਇਸ ਤਰ੍ਹਾਂ ਪਾਰਸ ਗੁਰੂ ਜਗਿਆਸੂ ਨੂੰ ਸ਼ੁੱਧ ਸਰੂਪ ਦਾ ਗਿਆਨ ਤਾਂ ਕਰਾ ਦਿੰਦੇ ਹਨ। ਪਰ ਉਹ ਜਗਿਆਸੂ ਅੱਗੇ ਕਿਸੇ ਨੂੰ ਉਪਦੇਸ ਦੇ ਕਰਕੇ ਸੁਧ ਸਰੂਪ ਨਹੀਂ ਬਣਾ ਸਕਦੇ।

੭. **ਚੰਦਨ ਗੁਰੂ—**ਜਿਵੇਂ ਚੰਦਨ ਕੇਵਲ ਬਸੰਤ ਰੁੱਤ ਵਿੱਚ ਸਾਰੇ ਬਿਰਛਾਂ ਦੇ ਅੰਦਰ ਸੁਗੰਧੀ ਭਰਦਾ ਹੈ ਪਰ ਸਾਰਾ ਸਾਲ ਸੁਗੰਧੀ ਨਹੀਂ ਵੰਡ ਸਕਦਾ ਇਸ ਤਰ੍ਹਾਂ ਜੋ ਕਦੇ-ਕਦੇ ਭਗਤੀ ਰੂਪ ਸੁਗੰਧੀ ਅਧਿਕਾਰੀ ਪ੍ਰਤੀ ਦੇਵੇ, ਹਮੇਸ਼ਾਂ ਉਪਦੇਸ਼ ਨਾ ਦਿੰਦਾ ਹੋਵੇ ਉਹ ਚੰਦਨ ਗੁਰੂ ਹੈ।

੮. **ਦੀਵਾ ਗੁਰੂ—**ਜਿਸ ਤਰ੍ਹਾਂ ਦੀਵੇ ਨੂੰ ਦੀਵਾ ਲਗ ਜਾਵੇ ਤਾਂ ਉਸ ਜੈਸਾ ਹੀ ਪ੍ਰਕਾਸ਼ ਰੂਪ ਹੋ ਜਾਂਦਾ ਹੈ ਪਰ ਦੀਵਾ ਤਾਂ ਬਲਦਾ ਹੈ ਜੇ ਤੇਲ ਤੇ ਬੱਤੀ ਹੋਵੇ ਇਸੇ ਤਰ੍ਹਾਂ ਪ੍ਰੇਮ ਰੂਪੀ ਤੇਲ ਸ਼ਰਧਾ ਦੀ ਬੱਤੀ ਹੋਵੇ ਉਸ ਅਧਿਕਾਰੀ ਨੂੰ ਜੋ ਉਪਦੇਸ਼ ਦੇ ਕਰਕੇ ਗਿਆਨ ਦਾ ਪ੍ਰਕਾਸ਼ ਕਰੇ ਉਹ ਦੀਵਾ ਗੁਰੂ ਹੈ। ਪਰ ਇਹਨਾਂ ਸਾਰੇ ਗੁਰੂਆਂ ਤੋਂ ਉਤਮ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਹਨ। ਗੁਰ=ਚੇਤਨ ਸਰੂਪ ਹਨ। ਗੁਰ=ਗੁ=ਅਗਿਆਨ ਦੇ ਹਨੇਰੇ ਨੂੰ ਚੁੱਕ ਕਰਕੇ ਰੂ=ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ। ਗੁਰੂ ਪਦ "ਗਿਰੀ" ਧਾਤੂ ਤੋਂ ਬਣਿਆ ਹੈ ਗਿਰੀ ਦੇ ਚਾਰ ਅਰਥ ਹਨ :—ਨਿਗਲਣਾ, ਬਾਣੀ, ਪਹਾੜ, ਵਡਾ, ਗੁਰੂ ਜੀ ਅਗਿਆਨ ਨੂੰ ਨਿਗਲ=ਖਾ ਜਾਣ ਵਾਲੇ ਹਨ। ਗੁਰਾਂ ਦੀ ਬਾਣੀ ਗੁਰੂ ਰੂਪ ਹੈ।

ਯਥਾ— **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥** [ਨਟ ਮਹਲਾ ੪, ਅੰਗ ੯੮੨]

ਗੁਰੂ ਜੀ ਪਹਾੜ ਵਤ ਅਚੱਲ ਸਰੂਪ ਹਨ, ਗੁਰੂ ਜੀ ਸਭ ਤੋਂ ਵਡੇ ਹਨ :—

ਯਥਾ— **ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥** [ਸੂਹੀ ਮਹਲਾ ੫, ਅੰਗ ੭੫੦]

ਐਸੇ ਸਤਿਗੁਰੂ ਜੀ ਨਿਸ਼ਕਾਮ ਕਰਮਾ ਦੇ ਕਰਨ ਵਾਲੇ ਵਡਭਾਗੀਆਂ ਨੂੰ ਮਿਲੇ ਹਨ। ਵਡਭਾਗੀ ਕੌਣ ਹਨ ? ਜੋ ਸੰਗਤ ਨੂੰ ਪ੍ਰਾਪਤ ਕਰਕੇ ਨਿਮਰਤਾ ਸਹਿਤ ਹੋ ਕੇ ਸੇਵਾ ਕਰਦੇ ਹਨ ਉਹ ਵਡਭਾਗੀ ਹਨ :—

ਯਥਾ— **ਜੇ ਕੋ ਵਡਾ ਕਹਾਇ ਵਡਾਈ ਖਾਵੈ ॥** [ਮਾਰੂ ਮਹਲਾ ੧, ਅੰਗ ੧੦੨੫]

**ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**
[ਗਉੜੀ ਮਹਲਾ ੫, ਅੰਗ ੨੮੬]

ਐਸੇ ਵਡਭਾਗੀਆਂ ਨੇ ਗੁਰਾਂ ਨੂੰ ਪ੍ਰਾਪਤ ਕੀਤਾ ਹੈ।

**ਮਨਹਿ ਭਇਆ ਪਰਗਾਸਾ :—**ਉਹਨਾਂ ਦੇ ਮਨ ਅੰਦਰ ਗੁਰੂ ਦੀ ਕ੍ਰਿਪਾ ਦੁਆਰਾ ਗਿਆਨ ਰੂਪ ਸੂਰਜ ਦਾ ਪ੍ਰਕਾਸ਼ ਹੋ ਗਿਆ ਹੈ, ਅਵਿਦਿਆ ਰੂਪੀ ਰਾਤ, ਭਰਮ ਦਾ ਹਨੇਰਾ, ਦੰਭ ਪਖੰਡ ਰੂਪ ਤਾਰੇ ਅਲੋਪ ਹੋ ਗਏ, ਮਾਇਆ

PDF created with pdfFactory Pro trial version www.pdffactory.com

ਦਾ ਮੋਹ ਰੂਪ ਚੰਦਰਮਾ ਰਿਦੇ ਰੂਪ ਅਕਾਸ਼ ਵਿੱਚ ਫਿਕਾ ਪੈ ਗਿਆ। ਰਾਗ ਦਵੈਖ ਰੂਪੀ ਉੱਲੂ ਅੰਨ੍ਹੇ ਹੋ ਗਏ। **ਪ੍ਰਕਾਸ਼ :—** ਰੌਸ਼ਨੀਆਂ ਵੀ ਕਈ ਪ੍ਰਕਾਰ ਦੀਆਂ ਹਨ ੧. ਜੋ ਅੱਖਾਂ ਨਾਲ ਸੂਰਜ, ਚੰਦ, ਤਾਰੇ, ਅਗਨੀ ਦੀ ਰੌਸ਼ਨੀ-ਪ੍ਰਕਾਸ਼ ਦੇਖੀਦਾ ਹੈ ਇਹ ਸਭ ਤਾਮਸੀ ਪ੍ਰਕਾਸ਼ ਹੈ। ੨. ਜੋ ਬਿਰਤੀ ਦੀ ਇਕਾਗਰਤਾ ਕਰਕੇ ਸਰੀਰ ਦੇ ਅੰਦਰ ਹਿਰਨ ਗਰਭ ਦਾ, ਜਠਰਾ ਅਗਨੀ ਦਾ ਪ੍ਰਕਾਸ਼ ਦੇਖੀਦਾ ਹੈ। ਇਹ ਰਜੋ ਗੁਣੀ ਪ੍ਰਕਾਸ਼ ਹੈ। ੩. ਜਦੋਂ ਬਿਰਤੀ ਨਾਮ ਦੁਆਰਾ ਇਕਾਗਰ ਹੋ ਕੇ ਨਿਰਵਿਕਲਪ ਅਵਸਥਾ ਵਿੱਚ ਇਸਥਿਤ ਹੁੰਦੀ ਹੈ ਫਿਰ ਜੋ ਅਪਰੋਖ ਗਿਆਨ ਦਾ ਪ੍ਰਕਾਸ਼ ਹੋਣਾ ਹੈ ਉਹ ਗਿਆਨ ਦਾ ਪ੍ਰਕਾਸ਼ ਸ਼ਾਂਤਕੀ ਹੈ ਵਾ : ਸ਼ਾਸ਼ਤ੍ਰ ਦੁਆਰਾ ਜੋ ਬ੍ਰਹਮ ਦਾ ਗਿਆਨ ਹੋਣਾ ਹੈ ਇਹ ਸਾਂਤਕੀ ਪ੍ਰਕਾਸ਼ ਹੈ। ਜੋ ਸੰਸਾਰ ਦੇ ਚਾਨਣੇ ਤੋਂ ਪਰ-ਪਰੇ ਹਨ ਉਹਨਾਂ ਦੇ ਮਨ ਵਿੱਚ ਗਿਆਨ ਦਾ ਗਾਸ=ਪ੍ਰਕਾਸ਼ ਭਇਆ=ਹੋਇਆ ਹੈ।

## ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥

ਉਹਨਾਂ ਗਿਆਨਵਾਨ ਗੁਰਮੁਖਾਂ ਦੇ ਬਰਾਬਰ ਹੋਰ ਕੋਈ ਭੀ ਦ੍ਵੈਤ ਭਾਵ ਵਾਲਾ ਦੂਜਾ ਨਹੀਂ ਪਹੁੰਚ ਸਕਦਾ ਵਾ : ਦੂਜੇ ਦੇਵੀ ਦੇਵਤਿਆਂ ਦੇ ਉਪਾਸ਼ਕ ਉਹਨਾਂ ਦੇ ਬਰਾਬਰ ਨਹੀਂ ਪਹੁੰਚ ਸਕਦੇ ਵਾ :—ਸਤਿਗੁਰੂ ਜੀ ਦੇ ਸਦਰਸ਼ ਕੋਈ ਦੂਜਾ ਨਹੀਂ ਪਹੁੰਚ ਸਕਦਾ। ਜਿਵੇਂ ਸਿਧ ਸ਼ਕਤੀ ਨਾਲ ਰੂਪ ਵਟਾ ਲੈਂਦੇ ਸਨ ਪਰ ਗੁਰੂ ਦੀ ਬਰਾਬਰਤਾ ਨਹੀਂ ਕਰ ਸਕੇ।

**ਸਾਖੀ—**ਸਿਧ ਈਰਖਾ ਨਾਲ ਅੱਚਲ ਵਟਾਲੇ ਚਰਚਾ ਕਰਨ ਆਏ। ਸਿਧ ਕਹਿਣ ਲੱਗੇ ਕਿ ਅਸੀਂ ਲੁਕਦੇ ਹਾਂ ਤੁਸੀ ਸਾਨੂੰ ਲੱਭਿਓ ਸਾਰੇ ਸਿਧ ਸੂਖਮ ਰੂਪ ਧਾਰਨ ਕਰਕੇ ਦਸੋ ਦਿਸ਼ਾ ਪਹਾੜੀ ਸਮੁੰਦਰ ਵਿੱਚ ਜਾ ਕੇ ਲੁਕ ਗਏ। ਗੁਰੂ ਜੀ ਨੇ ਉਤਨੇ ਹੀ ਰੂਪ ਧਾਰਕੇ, ਮੁਛਾਂ ਨੂੰ ਪਕੜ-ਪਕੜ ਕੇ ਇਕ ਥਾਂ ਤੇ ਇਕੱਠੇ ਕਰ ਦਿੱਤੇ, ਸਿਧ ਬਹੁਤ ਸਰਮਿੰਦੇ ਹੋਏ। ਸਤਿਗੁਰੂ ਜੀ ਨੇ ਕਿਹਾ, ਹੇ ਸਿਧੋ! ਤੁਹਾਡੇ ਵਿੱਚ ਆਪਣੇ ਅਕਾਰਾਂ ਦੀ ਹੰਗਤਾ ਹੈ, ਇਸ ਕਰਕੇ ਸੂਖਮ ਦੇਹਾਂ ਦੇ ਸਹਿਤ ਹੋਂ ਇਸੇ ਲਈ ਪਕੜੇ ਗਏ। ਸਿਧ ਕਹਿਣ ਲੱਗੇ ਐ ਤਪਾ ਜੀ! ਹੁਣ ਤੁਸੀਂ ਲੁਕੋ, ਅਸੀਂ ਤੁਹਾਨੂੰ ਲੱਭਣਾ ਕਰਾਂਗੇ। ਸਤਿਗੁਰੂ ਜੀ ਨੇ ਐਸੀ ਖੇਡ ਵਰਤਾਈ ਕਿ ਤੱਤਾਂ ਵਿੱਚ ਤੱਤ ਮਿਲਾ ਦਿੱਤੇ ਅਤੇ ਜੋਤੀ ਸਰੂਪ ਵਿੱਚ ਜੋਤ ਮੇਲ ਦਿੱਤੀ। ਇਹ ਸਿਧ ਪਹਾੜਾਂ ਸਮੁੰਦਰਾਂ ਵਿੱਚ ਭਾਲਣ ਲਈ ਨੱਠੇ ਕਿ ਸ਼ਾਇਦ ਕਾਰਨ ਦੇਹ ਧਾਰਨ ਕਰਕੇ ਤਪਾ ਜੀ ਕਾਰਕਪੁਣੇ ਵਿੱਚ ਬੈਠੇ ਹੋਣਗੇ ਜਾਂ ਸੂਖਮ ਦੇਹ ਦੇ ਸਹਿਤ ਹੋਣਗੇ ਜਾਂ ਸਥੂਲ ਸਰੀਰ ਨੂੰ ਕਿਸੇ ਪਹਾੜੀ ਗੁਫਾ ਵਿੱਚ ਲੁਕਾਈ ਬੈਠੇ ਹੋਣਗੇ ਪਰ ਤਿੰਨਾਂ ਲੋਕਾਂ ਦੇ ਮਾਲਕ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਸਿਧਾਂ ਨੂੰ ਕਿਤੋਂ ਵੀ ਪ੍ਰਾਪਤ ਨਾ ਹੋਏ ਜਿਸ ਵੇਲੇ ਸਤਿਗੁਰੂ ਜੀ ਨੇ ਆਪਣੇ ਸਰੀਰ ਨੂੰ ਅਲੋਪ ਕੀਤਾ ਸੀ ਉਸ ਵੇਲੇ ਇਹ ਬਚਨ ਕਿਹਾ ਸੀ ਕਿ ਐ ਸਿਧੋ! ਜਦੋਂ ਸਾਨੂੰ ਲੱਭ ਕੇ ਥੱਕ ਹਾਰ ਜਾਉਗੇ ਤਾਂ ਧਰਤੀ ਤੇ ਟਕਾ ਰਖਕੇ ਸਿਰ ਧਰਤੀ ਨੂੰ ਲਾ ਕੇ ਅਰਦਾਸ ਕਰਿਓ ਤਾਂ ਅਸੀਂ ਪ੍ਰਗਟ ਹੋ ਜਾਵਾਂਗੇ :—

ਯਥਾ— **ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥**

[ਰਾਮਕਲੀ ਮਹਲਾ ੧, ਅੰਗ ੮੭੮]

ਜਦੋਂ ਸਾਰੇ ਸਿਧਾਂ ਨੇ ਅਰਦਾਸ ਕੀਤੀ ਤਾਂ ਗੁਰੂ ਜੀ ਪ੍ਰਗਟ ਹੋ ਗਏ। ਇਸ ਤਰ੍ਹਾਂ ਗੁਰਾਂ ਦੇ ਸਦਰਸ਼ ਕੋਈ ਦੂਜਾ ਪਹੁੰਚਣ ਵਾਲਾ ਨਹੀਂ। ਜਿਨ੍ਹਾਂ ਦੇ ਅੰਤਸ਼ਕਰਨ ਵਿੱਚ ਗੁਰਾਂ ਦੇ ਸ਼ਬਦ ਦਾ ਪ੍ਰਕਾਸ਼ ਹੋਇਆ ਹੈ ਉਹਨਾਂ ਗੁਰਮੁਖਾਂ ਦੇ ਬਰਾਬਰ ਵੀ ਕੋਈ ਪਹੁੰਚ ਨਹੀਂ ਸਕਦਾ। ਉਹਨਾਂ ਤਤ ਬੇਤਿਆਂ ਦੀ ਅਵਸਥਾ ਵਿੱਚ ਕਾਰਨ, ਸੂਖਮ ਤੇ ਅਸਥੂਲ ਦੇਹਾਂ ਦੀ ਹੰਗਤਾ ਨਹੀਂ ਹੈ। ਉਸ ਅਵਾਸ਼ਨਾ ਦੀ ਅਵਸਥਾ ਵਿੱਚ ਹਉਮੈ ਦੀ ਪਹੁੰਚ ਨਹੀਂ ਹੈ।

ਯਥਾ— **ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** [ਗਉੜੀ ਮਹਲਾ ੫, ਅੰਗ ੨੭੩]

ਅਗੇ ਸਤਿਗੁਰੂ ਜੀ ਪ੍ਰੇਮਾ ਭਗਤੀ ਵਿੱਚ ਭਿੱਜੇ ਬਚਨ ਉਚਾਰਦੇ ਹਨ :—

**ਅਪੁਨੇ ਸਾਹਿਬ ਕਾ ਭਰਵਾਸਾ ॥**

PDF created with pdfFactory Pro trial version www.pdffactory.com

ਐਸੇ ਗੁਰਮੁਖਾਂ ਨੂੰ ਆਪਣੇ ਸਾਹਿਬ=ਮਾਲਕ-ਪ੍ਰਮੇਸ਼ਰ 'ਤੇ ਭਰਵਾਸਾ=ਭਰੋਸਾ ਹੈ ਜਿਸ ਤਰ੍ਹਾਂ ਬੱਚੇ ਨੂੰ ਆਪਣੇ ਮਾਤਾ ਪਿਤਾ 'ਤੇ ਭਰੋਸਾ ਹੁੰਦਾ ਹੈ ਇਸੇ ਤਰ੍ਹਾਂ :—

ਯਥਾ— **ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

[ਰਾਮਕਲੀ ਮਹਲਾ ੩, ਅੰਗ ੯੨੧]

## *ਅਪੁਨੇ ਸਤਿਗੁਰ ਕੈ ਬਲਿਹਾਰੈ ॥*

ਸੰਸਾਰ ਵਿੱਚ ਤਾਂ ਕੇਵਲ ਸਤਿਗੁਰੂ ਜੀ ਹੀ ਆਪਣੇ ਹਨ, ਹੋਰ ਕੋਈ ਭੀ ਆਪਣਾ ਨਹੀਂ। ਕਸ਼ਮੀਰੀ ਪੰਡਤਾਂ ਨੇ ਜੋ ਆਪਣੇ ਦੇਵੀ ਦੇਵਤੇ ਮੰਨੇ ਸਨ ਕਿਸੇ ਨੇ ਭੀ ਆਪਣਾ ਹੋ ਕੇ ਔਕੜ ਵਿੱਚ ਰਖਿਆ ਨਾ ਕੀਤੀ। ਆਖਰ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਆਏ ਤਾਂ ਗੁਰੂ ਜੀ ਨੇ ਉਹਨਾਂ ਦੇ ਤਿਲਕ ਜੰਞੂ ਦੀ ਰਾਖੀ ਲਈ ਸ਼ਹੀਦੀ ਪਾਈ। ਇਸ ਲਈ ਸਾਰੇ ਸੰਸਾਰ ਦੇ ਆਪਣੇ, ਕੇਵਲ ਗੁਰੂ ਜੀ ਹਨ। ਗੁਰੂ ਜੀ ਕੈਸੇ ਹਨ। ਬਾਣੀ ਵਿੱਚ ਫੁਰਮਾਨ ਆਇਆ ਹੈ :—

ਯਥਾ— **੧. ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥**

[ਭੈਰਉ ਮਹਲਾ ੫, ਅੰਗ ੧੧੪੯]

ਕਿਸੇ ਨੇ ਦੇਹ ਆਪਣੀ ਮੰਨੀ ਹੈ, ਇਸ ਦੇਹ ਦੇ ਸਬੰਧ ਨੂੰ ਲੈ ਕੇ ਇਸਤ੍ਰੀ ਕਹਿੰਦੀ ਹੈ ਕਿ ਮੇਰਾ ਪਤੀ ਹੈ, ਮਾਤਾ ਪਿਤਾ ਕਹਿੰਦੇ ਹਨ ਸਾਡਾ ਪੁੱਤਰ ਹੈ, ਸ਼ੇਰ ਕਹਿੰਦਾ ਹੈ ਕਿ ਮੇਰਾ ਖਾਜਾ ਹੈ, ਅਗਨੀ ਕਹਿੰਦੀ ਹੈ ਕਿ ਮੈਂ ਭਸਮ ਕਰਾਂਗੀ, ਕਾਲ ਕਹਿੰਦਾ ਹੈ ਕਿ ਮੇਰਾ ਸ਼ਿਕਾਰ ਹੈ ਪਰ ਇਹ ਸਭ ਝੂਠੀਆਂ ਮੇਰਾਂ ਹਨ, ਕਿਸੇ ਦਾ ਕੋਈ ਨਹੀਂ ਹੈ। ਲੋਕ ਤਾਂ ਇਸ ਤਰ੍ਹਾਂ ਸਮਝਦੇ ਹਨ :—

**ਸਭੁ ਕਿਛੁ ਅਪਨਾ ਇਕੁ ਨਾਮੁ ਪਰਾਇਆ ॥** [ਲੌਕਿਕ ਪ੍ਰਮਾਣ]

ਵਾਸਤਵ ਵਿੱਚ ਤਾਂ ਆਪਣੇ, ਕੇਵਲ ਗੁਰੂ ਜੀ ਹੀ ਹਨ ਐਸੇ ਸਤਿਗੁਰਾਂ ਤੋਂ ਬਲਿਹਾਰੈ=ਕੁਰਬਾਨ ਜਾਈਏ ਵਾ :—ਗੁਰਾਂ ਤੋਂ ਬਾਣੀ ਦਾ, ਬੁੱਧੀ ਦਾ, ਸਰੀਰ ਦਾ ਬਲ ਕੁਰਬਾਨ ਕਰ ਦਈਏ।

## *ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥*

ਪਾਛੈ=ਇਸ ਮਾਤ ਲੋਕ ਵਿੱਚ ਸੁਖ ਅਤੇ ਆਗੈ=ਪ੍ਰਲੋਕ ਵਿੱਚ ਪ੍ਰਾਪਤ ਹੁੰਦਾ ਹੈ ਪਰ ਇਹ ਸੁਖ ਸਹਜਾ=ਗਿਆਨ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਗਿਆਨ ਤਾਂ ਪ੍ਰਾਪਤ ਹੁੰਦਾ ਹੈ ਜੇਕਰ ਗਿਆਨ ਦੇ ਸਾਧਨ ਕਰੇ।

ਯਥਾ— **੧. ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥**
**ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥**

[ਗਉੜੀ ਮਹਲਾ ੫, ਅੰਗ ੨੩੬]

**੨. ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥**

[ਗਉੜੀ ਮਹਲਾ ੫, ਅੰਗ ੨੭੪]

**੩. ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥**

[ਗੂਜਰੀ ਕੀ ਵਾਰ ਮਹਲਾ ੫, ਅੰਗ ੫੧੭]

ਇਸ ਤਰ੍ਹਾਂ ਲੋਕ ਪ੍ਰਲੋਕ ਵਿੱਚ ਸੁਖ ਸਹਜਾ=ਨਿਰਉਪਾਧਕ ਸੁਖ ਤੇ ਨਿਰਜਤਨ ਸੁਖ ਪ੍ਰਾਪਤ ਹੁੰਦਾ ਹੈ। ਵਾ :— ਪਿੱਛੇ ਸੰਸਾਰ ਕਾਰ ਬਿਰਤੀ ਵਿੱਚ ਵੀ ਸੁਖ ਹੀ ਸੁਖ ਹੈ, ਤੇ ਆਗੇ ਬਿਦੇਹ ਮੁਕਤ ਵਿੱਚ ਵੀ ਸਹਜੇ ਸੁਖ ਪ੍ਰਾਪਤ

PDF created with pdfFactory Pro trial version www.pdffactory.com

ਹੁੰਦਾ ਹੈ, ਘਰਿ=ਸਤਸੰਗਤ ਘਰ ਵਿੱਚ ਵੀ ਹਮਰੈ=ਤਮਾਮ ਸਤਸੰਗੀਆਂ ਨੂੰ ਅਨੰਦ ਹੈ ਵਾ :—ਘਰਿ=ਸਾਡੇ ਹਿਰਦੇ ਵਿੱਚ ਵਾ : ਤੁਰੀਆ ਪਦ ਵਿੱਚ ਵੀ ਸਾਡੇ ਅਨੰਦ ਹੈ।

## *ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥*

ਜੋ ਪ੍ਰਮੇਸ਼ਰ ਸਰਬ ਦਾ ਪ੍ਰੇਰਕ ਹੈ ਤੇ ਅੰਦਰ ਦੀ ਜਾਨਣ ਵਾਲਾ ਹੈ :—

**ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥** [ਦਸਮ-ਚੌਪਈ ਪਉੜੀ ੧੧]

ਜਿਸਦੀ ਸੱਤਾ ਕਰਕੇ ਇੰਦਰੀਆਂ ਕਿਰਿਆ ਕਰਦੀਆਂ ਹਨ, ਜਿਸਦੀ ਸੱਤਾ ਕਰਕੇ ਪ੍ਰਕਿਰਤੀ ਸੰਸਾਰ ਵਿੱਚ ਰਸ ਪਹੁੰਚਾਉਂਦੀ ਹੈ ਸਭ ਦੇ ਚੰਗੇ ਮਾੜੇ ਕਰਮਾਂ ਨੂੰ ਜਾਣਦਾ ਹੈ : ਕਰਣੈਹਾਰਾ=ਉਤਪਤ, ਲੈਤਾ, ਪਾਲਣਾ, ਨਾਮ ਦੀ ਦਾਤ ਦੇ ਕੇ ਮੁਕਤੀ ਕਰਨ ਵਾਲਾ ਹੈ। ਜਿਹ ਅੰਡਿ ਤੇ ਬ੍ਰਹਮੰਡ ਕੀਨੇ ਚੋਦਹਿ ਖੰਡ=ਐਸਾ ਜੋ ਪ੍ਰਮੇਸ਼ਰ ਹੈ ਉਹੀ ਸਾਡਾ ਖਸਮੁ=ਮਾਲਕ ਹੈ।

## *ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥*

ਇਸ ਤਰ੍ਹਾਂ ਪ੍ਰਮੇਸ਼ਰ ਦੀ ਕਿਰਪਾ ਨਾਲ ਗੁਰਾਂ ਦੇ ਚਰਨੀਂ ਲੱਗ ਕੇ ਜੰਮਣ ਮਰਨ ਦੇ ਭੈ ਤੋਂ ਰਹਿਤ ਹੋ ਗਏ ਹਾਂ।

ਯਥਾ— **ਨਿਰਭਉ ਜਪੈ ਸਗਲ ਭਉ ਮਿਟੈ ॥** [ਗਉੜੀ ਮਹਲਾ ੫, ਅੰਗ ੨੯੩]

**ਯਹ ਭੈ ਪ੍ਰਲੋਕ ਭੈ ਜਨਮ ਵੇਦਨਾ ਜਾਤ ॥ ਅਨ ਰਖਿਆ ਅਰ ਗੁਪਤ ਭੈ ਅਕਸ ਮਾਤਰ ਭੈ ਸਾਤ ॥** ਇਹਨਾਂ ਸਾਰੇ ਭੈਆਂ ਤੋਂ ਮੁਕਤ ਹੋ ਗਏ ਹਾਂ।

ਯਥਾ— **ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥** [ਭੈਰਉ ਮਹਲਾ ੫, ਅੰਗ ੧੧੫੧]

ਇਕ ਰਾਮ=ਰਮੇ ਹੋਏ ਪ੍ਰਮੇਸ਼ਰ ਦੇ ਨਾਮ ਦਾ ਹੀ ਸਾਨੂੰ ਆਧਾਰਾ=ਆਸਰਾ ਹੈ।

## *ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥*

ਅਕਾਲ=ਕਾਲ ਤੋਂ ਰਹਿਤ ਮੂਰਤਿ=ਸਰੂਪ ਵਾਲੇ ਪ੍ਰਭੂ ਦਾ ਦਰਸ਼ਨ ਗਿਆਨ ਫਲ ਦੇ ਸਹਿਤ ਹੈ ਵਾ :— ਸਤਿਗੁਰਾਂ ਦਾ ਦਰਸ਼ਨ ਗਿਆਨ ਫਲ ਦੇ ਸਹਿਤ ਹੈ।

ਯਥਾ— **੧. ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥** [ਭੈਰਉ ਮਹਲਾ ੫, ਅੰਗ ੧੧੪੯]

**੨. ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥**

[ਮਾਝ ਮਹਲਾ ੫, ਅੰਗ ੧੦੮]

**ਸਾਖੀ—**ਸਢੌਰੇ ਦੇ ਇਕ ਪਠਾਣ ਨੇ ਕੁਰਾਨ ਆਦਿ ਦੇ ਤਰੀਕੇ ਨਾਲ ਜਾਪ ਕੀਤਾ, ਮੁਹੰਮਦ ਸਾਹਿਬ ਦੇ ਦਰਸ਼ਨ ਕਰਨ ਲਈ ਜਾਪ ਕੀਤਾ ਸੀ ਪਰ ਦਰਸ਼ਨ ਨਾ ਹੋਏ। ਫਿਰ ਬੇਦਾਂ ਅਨੁਸਾਰ ਅੱਠ ਸਾਲ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਲਈ ਜਾਪ ਕੀਤਾ। ਪਰ ਕ੍ਰਿਸ਼ਨ ਜੀ ਦੇ ਦਰਸ਼ਨ ਵੀ ਨਾ ਹੋਏ। ਫਿਰ ਇਹ ਮਾਰਕੰਡੇ ਦਰਿਆ ਵਿੱਚ ਡੁੱਬ ਕੇ ਮਰਨ ਲੱਗਾ ਤਾਂ ਇਕ ਸ਼ਹੀਦ ਸਿੰਘ ਨੇ ਬਿਰਧ ਦਾ ਰੂਪ ਧਾਰ ਕੇ ਕਿਹਾ, ਕਿ ਗੁਰੂ ਨਾਨਕ ਸਾਹਿਬ ਜੀ ਦਾ ਸਮਾਂ ਹੈ, ਤੂੰ ਮੇਰਾ ਬਚਨ ਮੰਨ ਕੇ ਮੂਲ ਮੰਤਰ ਦਾ ਪਾਠ ੪੦ ਦਿਨ ਕਰਕੇ ਦੇਖ ਤਾਂ ਪਠਾਣ ਨੇ ਬਚਨ ਮੰਨ ਕੇ ਮੂਲ ਮੰਤਰ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ ਤੇ ੩੫ ਦਿਨ ਪਿੱਛੋਂ ਗੁਰੂ ਸਾਹਿਬ ਦੇ ਦਰਸ਼ਨ ਹੋਏ। ਸਤਿਗੁਰੂ ਜੀ ਨੇ ਕਿਹਾ ਦੱਸ ਭਾਈ! ਮੁਹੰਮਦ ਜੀ ਅਤੇ ਕ੍ਰਿਸ਼ਨ ਜੀ ਆਦਿਕ ਦੇ ਦਰਸ਼ਨ ਕਰਾਈਏ ਤਾਂ ਅੱਗੋਂ ਹੱਥ ਜੋੜ ਕਰਕੇ ਬੜੀ ਨਿਮਰਤਾ ਨਾਲ ਪਠਾਣ ਕਹਿਣ ਲੱਗਾ ਕਿ ਮਹਾਰਾਜ! ਮੈਂ ਆਪ ਜੀ ਦੇ ਦਰਸ਼ਨ ਕਰਕੇ ਹੀ ਨਿਹਾਲ ਹੋ ਗਿਆ ਹਾਂ ਹੋਰ ਕਿਸੇ ਦੇ ਦਰਸ਼ਨ ਕਰਨ ਦੀ ਮਨ ਵਿੱਚ ਇੱਛਾ ਨਹੀਂ ਰਹੀ। ਤਾਂ ਗੁਰੂ ਜੀ ਨੇ ਬਚਨ ਕੀਤਾ

PDF created with pdfFactory Pro trial version www.pdffactory.com

ਕਿ ਪ੍ਰੇਮੀਆ ! ਲੰਗਰ ਚਲਾਇਆ ਕਰ ਇਕ ਵਾਰ ਬਾਬਾ ਖੜਕ ਸਿੰਘ ਜੀ ਉਸ ਅਸਥਾਨ 'ਤੇ ਗਏ ਤਾਂ ਬਾਬਾ ਜੀ ਨੇ ਉਸ ਪਠਾਣ ਤੋਂ ਪੁੱਛਿਆ ਕਿ ਭਾਈ ਮੁਸਲਮਾਨ ਤਾਂ ਲੰਗਰ ਨਹੀਂ ਚਲਾਉਂਦੇ ਹਨ ਤਾਂ ਪਠਾਣ ਨੇ ਸਾਰੀ ਗੱਲ ਦੱਸੀ ਕਿ ਮੇਰੇ ਉਤੇ ਇਸ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਨੇ ਕਿਰਪਾ ਕੀਤੀ ਹੈ। ਇਸ ਤਰ੍ਹਾਂ ਗੁਰੂ ਜੀ ਦੇ ਦਰਸ਼ਨ ਸਫਲੇ ਹਨ। ਗੁਰੂ ਜੀ ਅਕਾਲ ਸਰੂਪ ਹਨ ਸਮਰੱਥ ਹਨ। ਪ੍ਰਮੇਸ਼ਰ ਵੀ ਕਾਲ ਤੋਂ ਰਹਿਤ ਹੈ ਤੇ ਉਹ ਪ੍ਰਮੇਸ਼ਰ ਹੈ ਭੀ ਹੋਵਨਹਾਰਾ=ਹੈ=ਹੁਣ ਵੀ ਹੈ, ਭੀ=ਪਿੱਛੇ ਵੀ ਸੀ, ਹੋਵਨਹਾਰ=ਅੱਗੇ ਨੂੰ ਵੀ ਹੋਵੇਗਾ।

ਯਥਾ—**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥** [ਸਵਈਏ ਮਹਲਾ ੪, ਅੰਗ ੧੪੦੬]

ਵਾ ਸਤਿਗੁਰੂ ਜੀ ਤਿੰਨੇ ਕਾਲਾਂ ਵਿੱਚ ਰਹਿਣ ਵਾਲੇ ਹਨ ਤੇ ਸਤਿਗੁਰੂ ਜੀ ਸਭ ਦੇ ਸਾਂਝੇ ਹਨ-ਜਦੋਂ ਕਰਤਾਰਪੁਰ ਗੁਰੂ ਜੀ ਜੋਤੀ-ਜੋਤ ਸਮਾਏ ਤਾਂ ਹਿੰਦੂ ਮੁਸਲਮਾਨਾਂ ਦਾ ਝਗੜਾ ਪੈ ਗਿਆ, ਦੋਹਾਂ ਧਿਰਾਂ ਦੇ ਪਰਖਣ ਲਈ ਸਤਿਗੁਰਾਂ ਦੇ ਸਰੂਪ ਵਾਲੀ ਥਾਂ ਤੇ ਫੁਲ ਹੀ ਰਹੇ ਤੇ ਸਤਿਗੁਰੂ ਜੀ ਨੇ ਆਪਣੀ ਦੇਹ ਨੂੰ ਅਲੋਪ ਕਰ ਲਿਆ ਤਾਂ ਦੋਵਾਂ ਨੇ ਅੱਧੀ-ਅੱਧੀ ਚਾਦਰ ਵੰਡ ਲਈ। ਹਿੰਦੂਆਂ ਨੇ ਰਾਵੀ ਦੇ ਕੰਢੇ ਚਾਦਰ ਦਾ ਸਸਕਾਰ ਕਰਕੇ ਸਮਾਧ ਬਣਾ ਲਈ, ਮੁਸਲਮਾਨਾਂ ਨੇ ਪੱਕੀ ਕਬਰ ਬਣਾ ਲਈ, ਜੋ ਕਿ ਗੁਰਮਤ ਤੋਂ ਦੋਵੇਂ ਹੀ ਉਲਟ ਗੱਲਾਂ ਹਨ। ਇਹ ਬੁੱਤ ਪੂਜਣ ਦਾ ਕਰਮ ਅਕਾਲ ਪੁਰਖ ਨੂੰ ਪਸੰਦ ਨਾ ਆਇਆ ਤੇ ਦਰਿਆ ਰਾਵੀ ਦਾ ਪਾਣੀ ਵੇਗ ਸਹਿਤ ਆਇਆ ਤੇ ਦੋਨਾਂ ਨੂੰ ਰੋੜ੍ਹ ਕੇ ਲੈ ਗਿਆ।

## ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥

ਜਿਵੇਂ ਜੰਗਲ ਨੂੰ ਅਗਨੀ ਲੱਗਣ ਸਮੇਂ ਸ਼ੇਰ-ਸ਼ੇਰਨੀ ਆਪਣੇ ਬੱਚੇ ਨੂੰ ਦੰਦਾਂ ਨਾਲ ਚੁੱਕ ਕੇ ਬਾਹਰ ਕੱਢ ਲੈਂਦੇ ਹਨ। ਇਸ ਤਰ੍ਹਾਂ ਹੀ ਵਾਹਿਗੁਰੂ ਨੇ ਆਪਣੇ ਅਭੇਦ ਨਿਸਚੇ ਰੂਪ ਕੰਠ ਵਾ : ਪਰੱਤਖ ਕੰਠ ਨਾਲ ਲਗਾ ਕਰਕੇ ਆਪਣੇ ਦਾਸਾਂ ਨੂੰ ਰਖਿਆ ਹੈ ਭਾਵ ਰਖਿਆ ਕੀਤੀ ਹੈ। ਪ੍ਰਮੇਸ਼ਰ ਆਪਣੀ ਪ੍ਰੀਤਿ ਨੂੰ ਪਿਆਰਾ=ਪਾਲਦਾ ਹੈ ਵਾ :— ਆਪਣੀ ਪ੍ਰੀਤੀ ਤੇ ਪਿਆਰ ਦੀ ਬਖ਼ਸ਼ਿਸ਼ ਕਰਦੇ ਹਨ।

## ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥

ਪ੍ਰਮੇਸ਼ਰ ਦੀ ਇਸ ਲੋਕ ਵਿੱਚ ਵੱਡੀ ਵਡਿਆਈ ਹੈ ਤੇ ਪ੍ਰਲੋਕ ਵਿੱਚ ਵੀ ਅਚਰਜ ਸੋਭਾ ਹੈ ਵਾ : ਸੇਵਕਾਂ ਦੀ ਇਥੇ ਵੀ ਵੱਡੀ ਵਡਿਆਈ ਹੈ ਤੇ ਪ੍ਰਲੋਕ ਵਿੱਚ ਵੀ ਅਚਰਜ ਸੋਭਾ ਹੈ, ਸੇਵਕਾਂ ਦੇ ਸਾਰੇ ਕਾਰਜ ਰਾਸ ਆਉਂਦੇ ਹਨ ਜਿਵੇਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਵਿੱਚ ਪਹਿਰਾ ਦਿੱਤਾ ਸੀ ਵਾ :—ਉਹਨਾਂ ਸੇਵਕਾਂ ਦਾ ਮੁਕਤੀ ਰੂਪੀ ਕਾਰਜ ਰਾਸ ਆਇਆ ਹੈ।

## ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਪੂਰੇ ਗੁਰੂ ਸਤਿਗੁਰੂ ਨਾਨਕ ਦੇਵ ਜੀ ਮਿਲੇ ਹਨ ਉਹਨਾਂ ਦੇ ਸਾਰੇ ਦੁਖ, ਬਾਲਕ, ਜੁਵਾ-ਬਿਰਧ ਅਵਸਥਾ ਦੇ ਦੁੱਖ, ਜੰਮਣ ਮਰਨ ਦੇ ਦੁੱਖ ਵਿਸ਼ੇਸ਼ ਕਰਕੇ ਨਾਸ ਹੋ ਗਏ ਵਾ :— ਸਾਨੂੰ ਪੂਰੇ ਗੁਰੂ ਨਾਨਕ ਦੇਵ ਜੀ ਪ੍ਰਾਪਤ ਹੋਏ ਹਨ ਇਸ ਕਰਕੇ ਸਾਡੇ ਜਨਮ ਦੇ ਅਗਿਆਨ ਕਰਕੇ ਜੋ ਦੁੱਖ ਸਨ ਉਹ ਸਾਰੇ ਨਾਸ ਹੋ ਗਏ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੫੩ [ਆਦਿ ਅੰਗ ੬੧੧]

***ਸੋਰਠਿ ਮਹਲਾ ੫ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥ ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥ ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥ ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥***

ਇਹ ਸ਼ਬਦ ਸੋਰਠਿ ਰਾਗਣੀ ਵਿੱਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਘਰੁ ੨=ਰਾਗ ਦੇ ਦੂਜੇ ਸੁਰ ਤਾਲ ਵਿੱਚ, ਚਉ-ਪਦੇ=ਚਾਰ ਪਦਾਂ ਵਾਲਾ ਉਚਾਰਨ ਕੀਤਾ ਹੋਇਆ ਹੈ।

**ਉਥਾਨਕਾ—**ਗੁਰੂ ਅਰਜਨ ਸਾਹਿਬ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਤੋਂ ਛੋਟੇ ਮਹਾਂਦੇਵ ਜੀ, ਜੋ ਪ੍ਰਿਥੀਏ ਦੀ ਸੰਗਤ ਨੇ ਗੁਰੂ ਅਰਜਨ ਸਾਹਿਬ ਤੋਂ ਵੇਮੁਖ ਕਰ ਦਿੱਤੇ ਸਨ ਕਿਤਨਾ ਸਮਾਂ ਗੁਰੂ ਤੋਂ ਬੇਮੁਖ ਹੀ ਰਹੇ। ਪਰ ਸਿੱਖਾਂ ਦੇ ਕਹਿਣ ਤੋਂ ਜਦੋਂ ਸੰਗਤ ਵਿੱਚ ਆਏ ਤਾਂ ਹਿਰਦੇ ਦੀ ਮੈਲ ਦੂਰ ਹੋਈ ਤੇ ਸ਼ਰਧਾ ਵਧ ਗਈ। ਉਧਰ ਗੁਰੂ ਅਮਰਦਾਸ ਜੀ ਦਾ ਜੋਤੀ-ਜੋਤ ਸਮਾਉਣ ਦਾ ਦਿਹਾੜਾ ਆ ਗਿਆ। ਭਾਦਰੋਂ ਦੀ ਪੂਰਨਮਾਸ਼ੀ ਦਾ ਇਹ ਦਿਹਾੜਾ ਮਨਾਉਣ ਲਈ ਗੁਰੂ ਸਹਿਬ ਪਰਵਾਰ ਅਤੇ ਮਹਾਂਦੇਵ ਜੀ ਸਮੇਤ ਗੋਇੰਦਵਾਲ ਸਾਹਿਬ ਪਹੁੰਚੇ। ਮੋਹਣ ਅਤੇ ਮੋਹਰੀ ਜੀ ਪ੍ਰੇਮ ਸਹਿਤ ਪ੍ਰਸੰਨ ਹੋ ਕੇ ਮਿਲੇ। ਜੋੜ ਮੇਲਾ ਮਨਾਇਆ ਗਿਆ। ਉਥੇ ਮਹਾਂਦੇਵ ਜੀ ਦੀ ਸ਼ਰਧਾ ਗੁਰੂ ਤੇ ਸੀ ਸੰਗਤ ਕਰਦਿਆਂ ਹੋਰ ਪ੍ਰਪੱਕ ਹੋ ਚੁੱਕੀ ਸੀ। ਮਹਾਂਦੇਵ ਜੀ ਨੇ ਬੇਨਤੀ ਕੀਤੀ ਕਿ ਐ ਗੁਰੂ ਅਰਜਨ ਸਾਹਿਬ! ਮੈਂ ਆਪ ਜੀ ਨੂੰ ਹੁਣ ਤੱਕ ਛੋਟਾ ਭਰਾ ਹੀ ਸਮਝਦਾ ਰਿਹਾ ਹਾਂ, ਇਹ ਮੇਰੀ ਗਲਤੀ ਸੀ। ਤੁਸੀਂ ਤਾਂ ਗੁਰਦੇਵ-ਸਰੂਪ ਹੋ, ਮੇਰੇ 'ਤੇ ਕ੍ਰਿਪਾ ਕਰਨੀ ਕਰੋ। ਗੁਰੂ ਬਿਲਾਸ ਵਿੱਚ ਪ੍ਰਸੰਗ ਆਉਂਦਾ ਹੈ ਕਿ ਗੁਰੂ ਸਾਹਿਬ ਜੀ ਨੇ ਬਾਬਾ ਮਹਾਂਦੇਵ ਜੀ ਦੀ ਸ਼ਰਧਾ ਪ੍ਰੇਮ ਦੇਖ ਕੇ ਕਿਹਾ ਭਰਾਤਾ ਜੀ! ਠੀਕ ਸਮੇਂ ਤੁਸੀਂ ਮੇਰੇ ਪਾਸ ਆਏ ਹੋ ਤੁਹਾਡਾ ਪੂਰਬਲਾ ਭਾਗ ਜਾਗਿਆ ਹੈ ਜੋ ਗੁਰਸਿਖਾਂ ਦੀ ਸੰਗਤ ਵਿਚ ਆ ਗਏ ਹੋ :—

ਯਥਾ— **ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥**

[ਗਉੜੀ ਮਹਲਾ ੫, ਅੰਗ ੨੦੪]

ਹੁਣ ਤੁਹਾਡੀ ਉਮਰ ਪੂਰੀ ਹੋ ਚੁੱਕੀ ਹੈ ਤੇ ਚੰਗਾ ਹੋਇਆ ਸਰੀਰ ਦੇ ਹੁੰਦਿਆਂ ਹੀ ਆਪਣਾ ਮਿਲਾਪ ਹੋ ਗਿਆ ਨਹੀਂ ਤਾਂ ਮੈਨੂੰ ਭੀ ਖ਼ਿਆਲ ਰਹਿਣਾ ਸੀ ਕਿ ਇਕ ਭਰਾ ਤਾਂ ਸੰਸਾਰ ਵਿਚੋਂ ਗੁੱਸੇ ਹੀ ਤੁਰ ਗਿਆ ਮੈਂ ਉਸਨੂੰ ਖੁਸ਼ ਨਹੀਂ ਕਰ ਸਕਿਆ, ਚਲੋ ਤੁਹਾਡੀ ਤਾਂ ਖੁਸ਼ੀ ਮਿਲੀ। ਇਹ ਸੁਣ ਕੇ ਮਹਾਂਦੇਵ ਜੀ ਦੀਆਂ ਅੱਖਾਂ ਵਿੱਚ ਅੰਸੂ ਭਰ ਆਏ ਤੇ ਕਹਿਣ ਲੱਗੇ ਮਹਾਰਾਜ ਤੁਹਾਡਾ ਸਾਡੇ ਨਾਸਮਝ ਜੀਵਾਂ ਨਾਲ ਇਤਨਾ ਸਨੇਹ ਪਿਆਰ ਹੈ, ਮਹਾਰਾਜ ਹੁਣ ਕੀ ਹੁਕਮ ਹੈ ? ਤਾਂ ਗੁਰੂ ਜੀ ਕਹਿਣ ਲੱਗੇ ਕਿ ਹੁਕਮ ਤਾਂ ਰੱਬੀ ਹੈ। ਤੁਸੀਂ ਚੱਲਣ ਦੀ ਤਿਆਰੀ ਕਰੋ ਤੁਹਾਡਾ ਸੰਸਾਰ ਤੋਂ ਜਾਣ ਦਾ ਸਮਾਂ ਥੋੜ੍ਹਾ ਰਹਿੰਦਾ ਹੈ। ਸਤਿਗੁਰੂ ਜੀ ਕਹਿਣ ਲੱਗੇ ਜੋ ਗੁਰੂ ਅਮਰਦਾਸ ਜੀ ਨੇ ਬਉਲੀ ਸਾਹਿਬ ਰਚੀ ਹੈ ਉਸ ਵਿੱਚ ੮੪ ਵਾਰ ਇਸ਼ਨਾਨ ਅਤੇ ੮੪ ਜਪੁਜੀ ਸਾਹਿਬ ਦੇ ਪਾਠ ਕਰੋ ਬਾਬਾ ਮਹਾਂਦੇਵ ਜੀ

PDF created with pdfFactory Pro trial version www.pdffactory.com

ਨੇ ਆਗਿਆ ਮੰਨ ਕੇ ਪਾਠ ਤੇ ਇਸ਼ਨਾਨ ਕੀਤੇ ਤੇ ਗੁਰੂ ਜੀ ਨੇ ੮੪ ਕੱਟ ਦਿੱਤੀ। ਭਾਵੇਂ ਮਹਾਂਦੇਵ ਜੀ ੮੪ ਦੇ ਗੇੜ ਤੋਂ ਨਿਰਲੇਪ ਸਨ ਪਰ ਫਿਰ ਵੀ ਸੰਸਾਰ ਵਿੱਚ ਮਰਿਆਦਾ ਕਾਇਮ ਰੱਖਣ ਲਈ ਪਾਠ ਤੇ ਇਸ਼ਨਾਨ ਕਰਾਏ ਗਏ। ਬਾਬਾ ਮਹਾਂਦੇਵ ਜੀ ਨੇ ਸਤਿਗੁਰੂ ਜੀ ਤੋਂ ਪਿਛਲੀਆਂ ਗਲਤੀਆਂ ਦੀ ਖਿਮਾਂ ਮੰਗੀ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਮੈਂ ਸਾਰੀ ਜਿੰਦਗੀ ਪ੍ਰਮੇਸ਼ਰ ਦੇ ਦਰਸ਼ਨਾਂ ਤੋਂ ਵਾਂਝਾ ਰਿਹਾ, ਹੁਣ ਸਰੀਰ ਸ਼ਾਂਤ ਹੋ ਜਾਏਗਾ ਤੇ ਦਰਸ਼ਨਾਂ ਦੀ ਪਿਆਸ ਵਿਚੇ ਹੀ ਰਹਿ ਜਾਏਗੀ ? ਮੇਰੀ ਮਦਦ ਕਰੋ ਜੋ ਮੈਂ ਆਪ ਦਰਸ਼ਨ ਨਹੀਂ ਕਰ ਸਕਿਆ ਅਤੇ ਨਾ ਹੀ ਹੋ ਸਕੇਗਾ ਤੁਹਾਡੀ ਕ੍ਰਿਪਾ ਨਾਲ ਸੌਖਾ ਹੀ ਹੋ ਸਕਦਾ ਹੈ। ਇਸ ਸ਼ਬਦ ਵਿਚ ਗੁਰੂ ਜੀ ਅਤੇ ਮਹਾਂਦੇਵ ਜੀ ਦੇ ਪ੍ਰਸ਼ਨ ਉੱਤਰ ਗੁੰਥਨ ਕੀਤੇ ਹਨ ਜਿਵੇਂ ਸਿਧ ਗੋਸ਼ਟ ਵਿੱਚ ਸਿਧਾਂ ਦੇ ਪ੍ਰਸ਼ਨ ਤੇ ਗੁਰੂ ਜੀ ਦੇ ਉੱਤਰ ਹਨ ਇਸੇ ਤਰ੍ਹਾਂ ਇਸ ਸ਼ਬਦ ਵਿੱਚ ਮਹਾਂਦੇਵ ਅਤੇ ਗੁਰੂ ਜੀ ਦੇ ਜਾਨਣੇ। ਸ਼ਬਦ ਸ਼ੁਰੂ ਕਰਨ ਤੋਂ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਉਚਾਰਨ ਕਰਦੇ ਹਨ : **੧ੴ ਸਤਿਗੁਰ ਪ੍ਰਸਾਦਿ ॥** **੧**=ਅਦ੍ਵੈਤ ਸਰੂਪ **ਓ**=ਸਰਬ ਕਾ ਪ੍ਰਕਾਸ਼ਕ **ਸਤਿ**=ਨਾਸ ਤੋਂ ਰਹਿਤ **ਗੁਰ**=ਚੇਤਨ **ਪ੍ਰਸਾਦਿ**=ਅਨੰਦ ਸਰੂਪ। ਸਤ ਚੇਤਨ ਅਨੰਦ ਬ੍ਰਹਮ ਦਾ ਚਿੰਤਨ ਵਾ : ਮੰਗਲ ਕਰਕੇ ਹੁਣ ਮਹਾਂਦੇਵ ਜੀ ਨੂੰ ਇਸ ਅੰਮ੍ਰਿਤ ਬਚਨ ਵਿੱਚ ਉਪਦੇਸ਼ ਬਖ਼ਸ਼ਦੇ ਹਨ। **ਨੋਟ :—**ਇਸ ਸਬਦ ਦੇ ਅਰਥ ਅਨਵੇਂ ਗੀਤ ਅਨੁਸਾਰ ਲੱਗਣਗੇ। ਇਸ ਸੰਪੂਰਨ ਸ਼ਬਦ ਦੇ ਤਿੰਨ ਹਿੱਸੇ ਕਰਕੇ ਪੂਰਾ ਸਪਸ਼ਟ ਹੋ ਜਾਂਦਾ ਹੈ ਕਿ ਪਹਿਲੇ ਅਤੇ ਦੂਜੇ ਪਦ ਵਿੱਚ ਮਹਾਂਦੇਵ ਦੀ ਬੇਨਤੀ ਹੈ, ਤੀਸਰੇ ਪਦ ਵਿੱਚ ਗੁਰੂ ਸਾਹਿਬ ਵੱਲੋਂ ਪ੍ਰਭੂ ਮਿਲਾਪ ਦਾ ਉਪਦੇਸ਼ ਤੇ ਚਉਥੇ ਪਦ ਵਿੱਚ ਮਹਾਂਦੇਵ ਜੀ ਨੂੰ ਪ੍ਰਭੂ ਪ੍ਰਾਪਤੀ ਤੋਂ ਆਏ ਅਨੰਦ ਦਾ ਕਥਨ ਕੀਤਾ ਹੈ। ਮਹਾਂਦੇਵ ਨੇ ਬੇਨਤੀ ਕੀਤੀ ਕਿ ਹੇ ਗੁਰਦੇਵ ਮੇਰੀ ਬੇਨਤੀ ਸੁਨਣਾ ਕਰੋ :—

## *ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥*

ਹੇ ਮੇਰੇ ਮੀਤਾ=ਮਿਤਰ ਮੇਰੀ ਬੇਨਤੀ ਸੁਣਿ=ਸੁਨਣਾ ਕਰ ਹਉ=ਮੈਂ ਆਪ ਜੀ ਦੀ ਸਰਣਾਈ=ਸ਼ਰਨ ਵਿੱਚ ਆਇਆ ਹਾਂ ਪ੍ਰਭੂ ਦੇ ਮਿਲਉ=ਮਿਲਾਪ ਦੀ ਉਪਦੇਸਾ=ਸਿਖਿਆ ਦੇਹੁ=ਦੇਣਾ ਕਰੋ। ਇਹ ਗਲ ਸੁਣ ਕੇ ਨਿਮਰਤਾ ਦੇ ਪੁੰਜ ਗੁਰੂ ਅਰਜਨ ਸਾਹਿਬ ਬੋਲੇ, ਮੈਂ ਆਪ ਜੀ ਨੂੰ ਕੀ ਉਪਦੇਸ਼ ਦੇ ਸਕਦਾ ਹਾਂ ਕਿਉਂਕਿ ਆਪ ਮੇਰੇ ਨਾਲੋਂ ਵੱਡੇ ਹੋ। ਆਪਣਾ ਭਰਾ ਭਰਾ ਦਾ ਰਿਸ਼ਤਾ ਹੈ ਉਸੇ ਪਿਤਾ ਦੇ ਪੁੱਤਰ ਹੋ ਜਿਸ ਦਾ ਮੈਂ ਹਾਂ, ਇਹ ਸੁਣਕੇ ਮਹਾਂਦੇਵ ਜੀ ਨੇ ਕਿਹਾ ਇਹ ਭਾਵੇਂ ਸੱਚ ਹੈ ਕਿ

## *ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ ॥*

[ਮੁਖ ਪਾਠ ਗੁਰਹਾਈ ਇਕੱਠਾ ਤੇ ਦੂਜਾ ਗੁਰ-ਹਾਈ]

ਮੇਰੇ ਅਤੇ ਆਪ ਜੀ ਦੇ ਏਕੁ ਪਿਤਾ=ਇੱਕੋ ਪਿਤਾ ਗੁਰੂ ਰਾਮ ਦਾਸ ਜੀ ਹਨ ਹਮ=ਅਸੀਂ ਇਕ ਪਿਤਾ ਦੇ ਹੀ ਬਾਰਿਕ=ਪੁੱਤਰ ਹਾਂ ਪਰ ਇਹ ਸੰਸਾਰੀ ਰਿਸ਼ਤਾ ਹੈ ਮੈਂ ਸੰਸਾਰੀ ਰਿਸ਼ਤਾ ਤਿਆਗ ਕੇ ਰੂਹਾਨੀਅਤ ਰਿਸ਼ਤੇ ਦੁਆਰਾ ਆਪ ਜੀ ਨੂੰ ਬੇਨਤੀ ਕੀਤੀ ਹੈ। ਗੁਰੂ ਜੀ ਕਹਿਣ ਲੱਗੇ ਜੇ ਰੂਹਾਨੀਅਤ ਰਿਸ਼ਤੇ ਦੀ ਗੱਲ ਹੈ ਤਾਂ ਭੀ ਤੁਸੀਂ ਮੇਰੇ ਲਈ ਆਦਰ ਯੋਗ ਹੋ ਕਿਉਂਕਿ ਆਪਣੇ ਦੋਨਾਂ ਦਾ ਗੁਰੂ ਇਕ ਹੋਣ ਕਰਕੇ ਤੁਸੀਂ ਮੇਰੇ ਗੁਰਭਾਈ ਹੋ ਜੋ ਵੱਡੇ ਗੁਰਾਂ ਦੇ ਨਿਵਾਜੇ ਹਨ :—

ਯਥਾ— **ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥**

[ਮਾਝ ਕੀ ਵਾਰ ਮਹਲਾ ੨, ਅੰਗ ੧੫੦]

ਤਾਂ ਮਹਾਂਦੇਵ ਜੀ ਨੇ ਕਿਹਾ ਤੁਸੀਂ ਮੇਰੇ ਗੁਰ ਭਾਈ ਹੀ ਨਹੀਂ, ਤੂ ਮੇਰਾ ਗੁਰਹਾਈ=ਤੁਸੀਂ ਮੇਰੇ ਗੁਰ=ਗੁਰੂ ਹਾਈ=ਹੈਂ। ਭਾਵ ਮੇਰੇ ਰੂਹਾਨੀ ਗੁਰੂ ਵੀ ਹੋ ਇਸ ਲਈ ਬੇਨਤੀ ਹੈ ਕਿ ਮੈਨੂੰ ਉਹ ਉਪਦੇਸ਼ ਬਖ਼ਸ਼ੋ ਜਿਸ ਨਾਲ ਪ੍ਰਭੂ ਮਿਲਾਪ ਹੋਵੇ। ਮਹਾਂਦੇਵ ਜੀ ਕਹਿੰਦੇ ਹਨ।

PDF created with pdfFactory Pro trial version www.pdffactory.com

## ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥

ਹੇ ਗੁਰੂ ਅਰਜਨ ਦੇਵ ਜੀ ਮੀਤਾ=ਮਿੱਤਰ-ਪਿਆਰੇ ਜੀ, ਜੀਉ=ਜੀਵ ਆਤਮਾ ਕਰਕੇ ਆਪ ਜੀ ਤੋਂ ਬਲਿ-ਬਲਿ=ਬਲਿਹਾਰ-ਬਲਿਹਾਰ ਜਾਸੀ=ਜਾ ਰਹੇ ਹਾਂ।

ਯਥਾ— **ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥**

[ਵਡਹੰਸ ਕੀ ਵਾਰ ਮਹਲਾ ੩, ਅੰਗ ੫੯੪]

**ਪ੍ਰਸ਼ਨ :—**ਹੇ ਮਹਾਂਦੇਵ ਜੀ ਕੀ ਚਾਹੁੰਦੇ ਹੋ ?

**ਉੱਤਰ :—ਹਰਿ ਦਰਸਨ ਦੇਹੁ ਦਿਖਾਈ ॥** ਆਪ ਕ੍ਰਿਪਾ ਕਰਕੇ ਹਰੀ ਜੋ ਪਾਪਾਂ ਨੂੰ ਹਰਨੇ ਵਾਲਾ ਹੈ ਜੈਸਾ ਕਿ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ :—**ਹਰੀ ਹਰਤੀ ਪਾਪਾਨੀ।**

ਵਾ :—ਹਰੀ ਜੋ ਸਾਰੇ ਸੰਸਾਰ ਨੂੰ ਹਰਿਆ-ਭਰਿਆ ਕਰਨ ਵਾਲਾ ਹੈ :—

ਯਥਾ— **ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥**

[ਸਿਰੀਰਾਗੁ ਮਹਲਾ ੧, ਅੰਗ ੨੪]

ਐਸੇ ਹਰੀ ਦੇ ਸਖਿਆਤ ਦਰਸ਼ਨ ਦਿਖਾ ਦੇਵੋ।

ਯਥਾ— **ਏਕੁ ਵਾਰ ਹੋਇ ਦਰਸਨੁ ਜਾਕਉ ॥ ਦੇਖਨ ਯੋਗ ਰਹੇ ਪੁਨ ਨਾ ਕੋ ॥** [ਧਰਮ ਸਾਸਤ੍ਰ]

ਦਰਸ਼ਨਾਂ ਦਾ ਐਸਾ ਪ੍ਰਤਾਪ ਹੈ

## ਦ੍ਰਿਸ਼ਟਾਂਤ :—

ਜੋ ਪਾਣੀ ਬਰਫ਼ ਦਾ ਢੇਲਾ ਬਣ ਜਾਵੇ, ਬਹੁਤ ਦੇਰ ਤੱਕ ਪੱਕ ਜਾਣ ਕਰਕੇ ਫੇਰ ਉਹ ਸੂਰਜ ਦੀ ਗਰਮੀ ਨਾਲ ਢਲਦੀ ਨਹੀਂ ਹੈ ਤੇ ਉਜਲ ਸ਼ੀਸ਼ੇ ਵਤ ਚਮਕਦੀ ਰਹਿੰਦੀ ਹੈ ਉਸਨੂੰ ਮਦਾਦ ਸਿਲਾ ਕਹਿੰਦੇ ਹਨ, ਇਕ ਮਦਾਦ ਸਿਲਾ ਜੰਗਲ ਵਿੱਚ ਪਈ ਸੀ। ਜਿਤਨੇ ਜਾਨਵਰ ਉਸ ਪਾਸ ਆਪਣਾ ਮੁਖ ਦੇਖਣ ਆਇਆ ਕਰਦੇ, ਸਭ ਜਾਨਵਰਾਂ ਪੰਛੀਆਂ ਦੀਆਂ ਫੋਟੋਆਂ ਉਸ ਵਿੱਚ ਚਿਤਰੀਆਂ ਜਾਂਦੀਆਂ। ਸਭਨਾਂ ਦੀ ਫੋਟੋ ਉਹ ਸਿਲਾ ਆਪਣੇ ਵਿੱਚ ਖਿੱਚ ਲੈਂਦੀ ਸੀ, ਇਕ ਦਿਨ ਕਿਸੇ ਪੁਰਸ਼ ਨੇ ਉਸ ਮਦਾਦ ਸਿਲਾ ਨੂੰ ਕਿਹਾ ਕਿ ਤੂੰ ਸਭ ਜਾਨਵਰਾਂ ਦੀਆਂ ਫੋਟੋਆਂ ਆਪਣੇ ਵਿੱਚ ਧਾਰਨ ਕਰੀ ਬੈਠੀ ਹੈ ਜੋ ਫੋਟੋ-ਮੂਰਤੀ ਤੈਨੂੰ ਸੁੰਦਰ ਤੇ ਚੰਗੀ ਲਗਦੀ ਹੈ ਉਸਦਾ ਧਿਆਨ ਕਰਿਆ ਕਰ, ਉਸ ਵਿੱਚ ਮੋਹ ਪਾਉਣਾ ਕਰ। ਮਦਾਦ ਸਿਲਾ ਨੇ ਮੋਰ ਦਾ ਧਿਆਨ ਧਾਰ ਲਿਆ, ਮੋਰ ਦੀ ਫੋਟੋ ਆਪਣੇ ਵਿੱਚ ਕਲਪ ਕੇ ਧਿਆਨ ਕਰ ਲਿਆ। ਕਿਸੇ ਨੇ ਮੋਰ ਨੂੰ ਆ ਕੇ ਦੱਸਿਆ ਕਿ ਤੇਰਾ ਧਿਆਨ ਮਦਾਦ ਸਿਲਾ ਧਾਰੀ ਬੈਠੀ ਹੈ ਤੂੰ ਉਸਨੂੰ ਜਾ ਕੇ ਦਰਸ਼ਨ ਦੇਣਾ ਕਰ। ਜਦੋਂ ਮੋਰ ਨੇ ਖੁਸ਼ ਹੋ ਕੇ ਪੈਲ ਪਾਈ ਤਾਂ ਮੋਰ ਦੀ ਪੈਲ ਪਾਈ ਵੇਖ ਕੇ ਤੇ ਦਰਸ਼ਨ ਕਰਕੇ ਪਾਣੀ ਰੂਪ ਹੋ ਗਈ ਤੇ ਮੋਰ ਨੇ ਪੀ ਲਈ ਜਿਸ ਤਰ੍ਹਾਂ ਸਿਲਾ ਮੋਰ ਵਿੱਚ ਲੀਨ ਹੋ ਗਈ ਸੀ। ਇਸ ਪ੍ਰਕਾਰ ਇਹ ਬੁੱਧੀ ਰੂਪੀ ਮਦਾਦ ਸਿਲਾ ਹੈ। ਇਹ ਮਿਥਿਆ ਪਦਾਰਥਾਂ ਨੂੰ ਨਿਸਚਾ ਕਰਨ ਰੂਪ ਫੋਟੋ ਆਪਣੇ ਵਿੱਚ ਖਿੱਚਦੀ ਹੈ। ਕਿਉਂਕਿ ਬੁੱਧੀ ਸਤੋ ਅੰਸ ਤੋਂ ਪੈਦਾ ਹੋਈ ਅਤੇ ਉਜਲ ਹੈ ਜਨਮਾਂ-ਜਨਮਾਂ ਦੇ ਸੰਸਕਾਰ ਇਸ ਦੇ ਅੰਦਰ ਚਿੜ੍ਹੇ ਪਏ ਹਨ, ਕਿਸੇ ਨੇ ਇਸ ਬੁਧੀ ਨੂੰ ਕਿਹਾ ਕਿ ਹਰੇਕ ਪਦਾਰਥਾਂ ਨੂੰ ਨਿਸਚੇ ਕਰਦੀ, ਜੋ ਵਸਤੂ ਤੈਨੂੰ ਅਤਿਅੰਤ ਪਿਆਰੀ ਹੈ, ਉਸਦਾ ਧਿਆਨ ਕਰ ਤਾਂ ਬੁਧੀ ਨੇ ਕਿਹਾ ਕਿ ਹਰੀ ਚੇਤਨ ਸਰੂਪ ਮੋਰ ਮੈਨੂੰ ਪਿਆਰਾ ਲੱਗਦਾ ਹੈ। ਇਸ ਤਰ੍ਹਾਂ ਚੇਤਨ ਸਰੂਪ ਦਾ ਧਿਆਨ ਬੁੱਧੀ ਕਰਨ ਲੱਗ ਪਈ। ਚੇਤਨ ਸਰੂਪ ਨੇ ਬੁੱਧੀ ਦਾ ਪ੍ਰੇਮ ਦੇਖ ਕੇ ਸਖਿਆਤ ਹੋ ਕੇ ਦਰਸ਼ਨ ਦਿੱਤਾ, ਫੇਰ ਇਹ ਬੁੱਧੀ ਚੇਤਨ ਵਿੱਚ ਲੀਨ ਹੋ ਗਈ। ਇਉਂ

PDF created with pdfFactory Pro trial version www.pdffactory.com

ਹੇ ਗੁਰੂ ਜੀ! ਆਪ ਹਰੀ ਦੇ ਦਰਸ਼ਨ ਦਿਖਾਵੋ ਜੀ। ਜੇਕਰ ਗੁਰੂ ਜੀ ਪਰਖ ਵਾਸਤੇ ਚੁੱਪ ਕਰ ਰਹਿਣ ਕਿ ਕਿਤੇ ਸਿੱਖ ਰਿਧੀਆਂ-ਸਿਧੀਆਂ ਵਿੱਚ ਤਾਂ ਨਹੀਂ ਪਹੁੰਚ ਰਿਹਾ ਹੈ ਤਾਂ ਫਿਰ ਬੇਨਤੀ ਕਰੇ ਵਾ :—ਮਹਾਂਦੇਵ ਜੀ ਬੇਨਤੀ ਕਰਦੇ ਹਨ :—

## ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥

ਹੇ ਮੀਤਾ=ਪਿਆਰੇ ਗੁਰੂ ਅਰਜਨ ਦੇਵ ਜੀ ਬੇਨਤੀ ਸੁਣੋ ਅਸੀਂ ਆਪ ਜੀ ਦੀ ਚਰਨ ਧੂੜ ਤੋਂ ਬਲਿਹਾਰ ਜਾਈਏ।

## ਇਹੁ ਮਨੁ ਤੇਰਾ ਭਾਈ ॥ ਰਹਾਉ ॥

ਹੇ ਗੁਰੂ ਰੂਪ ਭਾਈ=ਭਰਾਤਾ ਜੀ! ਮੈਂ ਇਹ ਮਨ ਆਪ ਜੀ ਦਾ ਦਾਸ ਕਰ ਦਿੱਤਾ ਹੈ ਭਾਵ ਆਪ ਜੀ ਨੂੰ ਅਰਪਣ ਕਰ ਦਿੱਤਾ ਹੈ ਅਥਵਾ :—ਆਪ ਜੀ ਦੀ ਸਿਖਿਆ ਮੈਨੂੰ ਭਾਈ=ਚੰਗੀ ਲੱਗੀ ਹੈ ਅਥਵਾ :—ਹੇ ਭਾਈ=ਭਾਵਨ ਰੂਪ ਭਾਵ ਪ੍ਰਕਾਸ਼ ਰੂਪ ਗੁਰੂ ਜੀ! ਇਹ ਮਨ ਆਪ ਜੀ ਦਾ ਹੈ ਤੇ ਮੈਂ ਆਪ ਜੀ ਨੂੰ ਭੇਟ ਕੀਤਾ ਹੈ। ਸਾਖੀ :— ਕਬੀਰ ਜੀ ਪਾਸ ਇਕ ਸਾਹੂਕਾਰ ਮੋਹਰਾਂ ਦਾ ਥਾਲ ਭਰਕੇ ਲਿਆਇਆ ਕਿ ਮੋਹਰਾਂ ਲੈ ਕੇ ਮੈਨੂੰ ਨਾਮ ਦੇ ਦੇਵੋ ਕਬੀਰ ਜੀ ਨੇ ਕਿਹਾ ਕਿ ਮੋਹਰਾਂ ਦੇ ਵੱਟੇ ਨਾਮ ਨਹੀਂ ਮਿਲਦਾ ਤਾਂ ਸ਼ਾਹੂਕਾਰ ਕਹਿਣ ਲੱਗਾ ਕਿ ਤੁਸੀਂ ਨਾਮ ਕਿਸ ਤਰ੍ਹਾਂ ਪ੍ਰਾਪਤ ਕੀਤਾ ਹੈ ? ਕਬੀਰ ਜੀ ਨੇ ਕਿਹਾ :—

ਯਥਾ— **ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥**

[ਗਉੜੀ ਕਬੀਰ ਜੀ ਅੰਗ ੩੨੭]

ਇਸ ਤਰ੍ਹਾਂ ਗੁਰਾਂ ਨੂੰ ਮਨ ਅਰਪਨ ਕਰਨਾ ਪੈਂਦਾ ਹੈ

## ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥

ਹੇ ਗੁਰੂ ਜੀ! ਆਪ ਦੇ ਚਰਨਾਂ ਨੂੰ ਮਲੋਵਾ=ਪਲੋਸਾਂ-ਮੁੱਠੀ ਚਾਪੀ ਕਰਾਂ ਅਤੇ ਆਪ ਜੀ ਦੇ ਚਰਨਾਂ ਨੂੰ ਮਲ ਮਲ ਕੇ ਧੋਵਾਂ ਵਾ :—ਧਿਆਨ ਨਾਲ ਆਪ ਦੇ ਚਰਨ ਪਲੋਸਨਾਂ ਕਰਾਂ ਅਤੇ ਧਿਆਨ ਕਰਨ ਰੂਪ ਹੀ ਪਾਪਾਂ ਦੀ ਮੈਲ ਨੂੰ ਅੰਤਸ਼ਕਰਣ ਵਿਚੋਂ ਧੋਣਾ ਕਰਾਂ। ਸਭ ਆਸਾਂ ਮਨ ਵਿਚੋਂ ਛੱਡ ਕੇ ਇਹ ਮਨ ਆਪ ਜੀ ਨੂੰ ਦੇ ਦੇਵਾਂ ਇਹ ਆਪ ਜੀ ਕ੍ਰਿਪਾ ਕਰੋ।

## ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ
## ਪ੍ਰਭ ਮਿਲਉ ਦੇਹੁ ਉਪਦੇਸਾ ॥੨॥

ਹੇ ਮਿੱਤਰ ਗੁਰੂ ਜੀ! ਮੈਂ ਤੇਰੀ ਸਰਣ ਆਇਆ ਹਾਂ। ਗੁਰੂ ਜੀ ਨੇ ਕਿਹਾ, ਕੀ ਮੰਗਦਾ ਹੈਂ ? ਉੱਤਰ :— ਐਸਾ ਉਪਦੇਸ਼ ਦੇਵੋ ਜਿਸ ਕਰਕੇ ਪ੍ਰਮੇਸ਼ਰ ਵਿੱਚ ਮਿਲ ਜਾਵਾਂ ਭਾਵ ਅਭੇਦ ਹੋ ਜਾਂਵਾ। ਤਾਂ ਗੁਰੂ ਜੀ ਪ੍ਰਸੰਨ ਹੋ ਕੇ ਕਹਿੰਦੇ ਹਨ :—

ਨੋਟ :—ਇਸ ਪੰਗਤੀ ਦੇ ਅਰਥ ਅੰਨਵੇ ਰੀਤ ਨਾਲ ਮੁੱਢ ਵਿੱਚ ਵੀ ਹੋ ਚੁੱਕੇ ਹਨ।

ਨੋਟ :—ਇਸ ਸ਼ਬਦ ਦਾ ਦੂਸਰਾ ਹਿੱਸਾ ਜੋ ਗੁਰੂ ਜੀ ਵੱਲੋਂ ਉਪਦੇਸ਼ ਦੇਣ ਦਾ ਹੈ :

## ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥

ਹੇ ਮਹਾਂਦੇਵ ਜੀ ਗੁਣਾਂ ਦਾ, ਸਾਧਨਾ ਦਾ, ਵਿੱਦਿਆ ਦਾ, ਸਰੂਪ ਦਾ, ਕਮਾਈ ਦਾ, ਜਸ ਦਾ ਅਭਿਮਾਨ ਨਹੀਂ ਕਰਨਾ ਚਾਹੀਦਾ :—

PDF created with pdfFactory Pro trial version www.pdffactory.com

ਯਥਾ— **੧. ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥**
[ਤਿਲੰਗ ਮਹਲਾ ੧, ਅੰਗ ੭੨੨]

**੨. ਜਤਨ ਬਹੁਤ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥**
**ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥** [ਸਲੋਕ ਮਃ ੯, ਅੰਗ ੧੪੨੮]

**੩. ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥**
[ਆਸਾ ਮਹਲਾ ੩, ਅੰਗ ੪੪੧]

ਪ੍ਰਸ਼ਨ :—ਇਹ ਮਾਣ ਕਿਵੇਂ ਮਿਟਦਾ ਹੈ ? ਉੱਤਰ :—ਹੇ ਭਾਈ ਹਮੇਸ਼ਾਂ ਗੁਰਾਂ ਦੀ ਸ਼ਰਨ ਵਿੱਚ ਪੈਣਾ ਕਰ :—

ਯਥਾ— **ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**
[ਗਉੜੀ ਮਹਲਾ ੫, ਅੰਗ ੨੯੬]

ਜੋ ਪ੍ਰਮੇਸ਼ਰ ਕਰਦਾ ਹੈ ਉਸ ਅਨੁਸਾਰ ਭਲਾ ਮਨਾਉਣਾ ਕਰ ਵਾ, ਖੁਦ ਪਸੰਦੀ ਛੱਡ ਕੇ ਜੋ ਪ੍ਰਭੂ ਦਾ ਭਾਣਾ ਹੈ ਉਸਨੂੰ ਭਲਾ ਮਨਾਈਐ=ਮੰਨੀਏ :—

**ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥**
**ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥** [ਗਉੜੀ ਮਹਲਾ ੫, ਅੰਗ ੨੬੦]

**ਸਾਖੀ—**ਇਕ ਰਾਜਾ ਸ਼ਿਕਾਰ ਖੇਡਣ ਵਾਸਤੇ ਗਿਆ। ਉਸਦੀ ਤਲਵਾਰ ਦੇ ਨਾਲ ਉਸਦੀ ਆਪਣੀ ਹੀ ਉਂਗਲ ਵੱਢੀ ਗਈ। ਜਦੋਂ ਰਾਜੇ ਨੇ ਵਜੀਰ ਨੂੰ ਦੱਸਿਆ ਤਾਂ ਸਿਆਣੇ ਵਜੀਰ ਨੇ ਕਿਹਾ ਕਿ ਰਾਜਨ ਭਲਾ ਹੋਇਆ, ਰਾਜੇ ਨੇ ਗੁੱਸੇ ਹੋ ਕੇ ਵਜੀਰ ਨੂੰ ਅਹੁਦੇ ਤੋਂ ਲਾਹ ਦਿੱਤਾ। ਫਿਰ ਵੀ ਵਜੀਰ ਨੇ ਕਿਹਾ। ਰਾਜਨ ਭਲਾ ਹੋਇਆ। ਫਿਰ ਇਕ ਦਿਨ ਰਾਜਾ ਇਕੱਲਾ ਹੀ ਸ਼ਿਕਾਰ ਚੜ੍ਹਿਆ, ਸੁੰਦਰ ਜਾਣ ਕੇ ਇਕ ਪਿੰਡ ਦੇ ਲੋਕਾਂ ਨੇ ਪਕੜ ਲਿਆ ਤੇ ਕਾਲੀ ਦੇਵੀ ਦੀ ਬਲੀ ਦੇਣ ਲਗੇ। ਇਸ਼ਨਾਨ ਕਰਾਕੇ ਰਾਜੇ ਦੇ ਅੰਗ ਦੇਖਣ ਲੱਗੇ ਤਾਂ ਉਸਦੀ ਉਂਗਲੀ ਕਟੀ ਦੇਖ ਕਰਕੇ ਰਾਜੇ ਨੂੰ ਛੱਡ ਦਿੱਤਾ ਕਿ ਇਸ ਦਾ ਅੰਗ ਭੰਗ ਹੈ, ਰਾਜਾ ਬਹੁਤ ਖੁਸ਼ ਹੋਇਆ ਆ ਕੇ ਵਜੀਰ ਨੂੰ ਸੱਦਿਆ ਤੇ ਪੁੱਛਿਆ ਕਿ ਜਦੋਂ ਤੈਨੂੰ ਅਹੁਦੇ ਤੋਂ ਲਾਹਿਆ ਸੀ ਉਦੋਂ ਤੂੰ ਕਿਹਾ ਸੀ ਕਿ ਭਲਾ ਹੋਇਆ। ਵਜੀਰ ਨੇ ਕਿਹਾ, ਹੇ ਰਾਜਨ ਜੇ ਤੇਰੇ ਨਾਲ ਮੈਂ ਵੀ ਸ਼ਿਕਾਰ 'ਤੇ ਗਿਆ ਹੁੰਦਾ ਤਾਂ ਉਹਨਾਂ ਲੋਕਾਂ ਨੇ ਤੇਰੀ ਜਗ੍ਹਾ ਮੈਨੂੰ ਪਕੜ ਕਰਕੇ ਦੇਵੀ ਦੀ ਭੇਟਾ ਕਰ ਦੇਣਾ ਸੀ! ਇਸ ਕਰਕੇ ਮੈਂ ਕਿਹਾ ਭਲਾ ਹੋਇਆ। ਇਸ ਤਰ੍ਹਾਂ ਜੋ ਪ੍ਰਮੇਸ਼ਰ ਕਰਦਾ ਹੈ ਉਸਨੂੰ ਭਲਾ ਕਰਕੇ ਮੰਨਣਾ ਚਾਹੀਦਾ ਹੈ।

## *ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ*
## *ਇਉ ਦਰਸਨੁ ਹਰਿ ਜੀਉ ਪਾਈਐ ॥੩॥*

ਗੁਰੂ ਸਾਹਿਬ ਇਸ ਪ੍ਰਸਨ ਦਾ ਉੱਤਰ ਦਿੰਦੇ ਹਨ ਕਿ ਹੇ ਪਿਆਰੇ ਮਿਤਰ ਮਹਾਂਦੇਵ ਜੀ ਸੁਨਣਾ ਕਰੋ ਪਿੰਡੁ=ਸਥੂਲ ਸਰੀਰ, ਤਨੁ=ਸੂਖਮ ਸਰੀਰ ਜੋ ਜੀਉ=ਜੀਵ ਦੇ ਅੰਦਰ ਹੈ ਤੇ ਜੀਵ ਨੇ ਆਪਣਾ ਮੰਨਿਆ ਹੈ ਇਹ ਸਭ ਪਰਮੇਸ਼ਰ ਨੂੰ ਵਾ : ਗੁਰਾਂ ਨੂੰ ਅਰਪ ਦੇਵੋ :—

ਯਥਾ— **ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥** [ਮਾਝ ਮਹਲਾ ੧, ਅੰਗ ੧੩੯]

ਇਸ ਤਰ੍ਹਾਂ ਹਰੀ ਦੇ ਦਰਸ਼ਨ ਪਾਈਦੇ ਹਨ, ਜਿਵੇਂ ਗੰਗਾ ਵਿੱਚ ਨਾਲੇ ਅਭੇਦ ਹੋ ਜਾਂਦੇ ਹਨ ਐਸੇ ਅਭੇਦ ਹੋਣ ਲਈ ਸਿਫ਼ਤ ਕਰੋ :

**ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥** [ਜਪੁਜੀ ਸਾਹਿਬ, ਅੰਗ ੫]

PDF created with pdfFactory Pro trial version www.pdffactory.com

ਇਹ ਉਪਦੇਸ਼ ਸੁਣਦਿਆਂ ਹੀ ਮਹਾਂਦੇਵ ਜੀ ਦੀ ਬਿਰਤੀ ਬ੍ਰਹਮਾਕਾਰ ਹੋ ਗਈ ਤੇ ਹਰ ਜਗ੍ਹਾ ਪ੍ਰਮੇਸ਼ਰ ਦ੍ਰਿਸਟੀ ਆਉਣ ਲੱਗਾ। ਇਸ ਆਏ ਹੋਏ ਅਨੰਦ ਦਾ ਵਰਨਣ ਅਗਲੀਆਂ ਪੰਗਤੀਆਂ ਵਿਚ ਹੈ।

## *ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥*

ਜਦੋਂ ਪ੍ਰਮੇਸ਼ਰ ਅਨੁਗ੍ਰਹੁ=ਕਿਪਾਲੂ ਹੋਇਆ ਤਾਂ ਸੰਤਾਂ ਦੀ ਪ੍ਰਸਾਦਿ=ਕਿਰਪਾ ਹੋਈ। ਸੰਤਾਂ ਦੀ ਕਿਰਪਾ ਨਾਲ ਨਾਮ ਮਿਠਾ ਲੱਗਾ ਹੈ।

## *ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥*

ਮਹਾਂਦੇਵ ਨੂੰ ਆਏ ਅਨੰਦ ਦਾ ਵਰਨਣ ਕਰਦਿਆਂ ਗੁਰੂ ਅਰਜਨ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨ=ਦਾਸਾਂ ਉੱਤੇ ਗੁਰਾਂ ਨੇ ਕ੍ਰਿਪਾ ਕੀਤੀ ਵਾ :—ਜਦੋਂ ਦਾਸ ਮਹਾਂਦੇਵ ਜੀ ਤੇ ਗੁਰੂ ਅਰਜਨ ਸਾਹਿਬ ਜੀ ਨੇ ਕਿਰਪਾ ਕੀਤੀ ਤਾਂ ਸਾਰੇ ਵਿਆਪਕ ਅਕੁਲ=ਕੁਲਾਂ ਤੋਂ ਰਹਿਤ ਵਾ :—ਕਲਪਨਾ ਤੋਂ ਰਹਿਤ ਨਿਰੰਜਨੁ=ਮਲ ਮਾਇਆ ਤੋਂ ਰਹਿਤ ਪ੍ਰਮੇਸ਼ਰ ਨੂੰ ਵੈਰਾਗ ਬਿਬੇਕ ਦੇ ਨੇਤਰਾਂ ਨਾਲ ਦੇਖਿਆ।

ਯਥਾ— **੧. ਜਤ੍ਰ-ਜਤ੍ਰ ਮਨੋ ਜਾਤੀ ॥ ਤਤ੍ਰ-ਤਤ੍ਰ ਬ੍ਰਹਮ ਦ੍ਰਿਸਟਾਤੀ ॥** [ਧਰਮ ਸ਼ਾਸਤ੍ਰ]

**੨. ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥**

[ਆਸਾ ਨਾਮਦੇਵ ਜੀ ਅੰਗ ੪੮੫]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com